# ਗੀਤਾਂ ਦੇ ਘੁੰਗਰੂ

ਮਨਮੋਹਨ ਸਿੰਘ ਦਾਊਂ



# ਵਿਦਿਆਰਥੀਆਂ ਅਤੇ ਲਾਇਬਰੇਰੀਆਂ ਲਈ ਸਾਡੀਆਂ ਮਹੱਤਵਪੂਰਨ ਪੁਸਤਕਾਂ

**ਗੁਰਦੀਪ ਪੰਧੇਰ**

ਅਰਸ਼ਾਂ ਦੀ ਧੀ ਕਲਪਨਾ ਚਾਵਲਾ

**ਗੁਰਦਿਆਲ ਸਿੰਘ**

ਆਓ ਨਾਟਕ ਖੇਡੀਏ
ਆਜ਼ਾਦੀ ਦਾ ਮੁੱਲ
ਇਹ ਧਰਤੀ ਸਵਰਗ ਬਣਾਵਾਂਗੇ
ਹੰਸਾਂ ਦੀ ਜੋੜੀ
ਸੱਚ ਦੇ ਖੋਜੀ
ਨਿੱਕਾ ਜਿਹਾ ਸਵਰਗ
ਬਾਬੇ ਰਤਨੇ ਦੀ ਚਿੱਠੀ
ਪੀਰੂ ਦੀ ਸਾਰੰਗੀ
ਸੰਤੂ ਗੱਪੀ
ਸੁਪਨਿਆਂ ਦਾ ਪਰੀ ਦੇਸ਼
ਸੂਰਜ ਦਾ ਟਿੱਕਾ
ਬਾਬਾ ਖੇਮਾ
ਰੱਬ ਦੇ ਬੰਦੇ

**ਗੁਰਨਾਮ ਸਿੰਘ ਤੀਰ (ਡਾ.)**

ਦਿੱਲੀ ਦੀ ਵਕੀਲ ਕੁੜੀ
ਹੱਸਦਾ ਪੰਜਾਬ
ਹਸਦੀ ਦੁਨੀਆਂ
ਵਾਹ ਪਿਆ ਜਾਣੀਏ

**ਗੁਲਜ਼ਾਰ ਸਿੰਘ ਸੰਧੂ**

ਧਰੂ ਤਾਰੇ

**ਗਰਿਮ**

ਪਰੀ ਕਹਾਣੀਆਂ

**ਏ. ਪੀ. ਜੇ. ਅਬਦੁਲ ਕਲਾਮ**

ਅਗਨਿ ਪੰਖ
ਉਡਾਰ ਮਨ
2020 ਦਾ ਭਾਰਤ
ਚੇਤਨਾ ਦੀ ਖੋਜ ਦਾ ਸਫਰ

**ਸੁਧੀਰ ਕੁਮਾਰ ਸੁਧੀਰ**

ਝਿਲ ਮਿਲ ਤਾਰੇ
ਵਿਸ਼ਵ ਪ੍ਰਸਿੱਧ ਵਿਗਿਆਨੀ -9
ਵਿਸ਼ਵ ਪ੍ਰਸਿੱਧ ਵਿਗਿਆਨੀ -99
ਵਿਸ਼ਵ ਪ੍ਰਸਿੱਧ ਵਿਗਿਆਨੀ -999
ਵਿਸ਼ਵ ਪ੍ਰਸਿੱਧ ਵਿਗਿਆਨਕ ਖੋਜਾਂ-9
ਵਿਸ਼ਵ ਪ੍ਰਸਿੱਧ ਵਿਗਿਆਨਕ ਖੋਜਾਂ-99
ਵਿਸ਼ਵ ਪ੍ਰਸਿੱਧ ਵਿਗਿਆਨਕ ਖੋਜਾਂ-999

**ਸੁਖਦੇਵ ਸਿੰਘ ਗਰੇਵਾਲ**

ਮਹਿਕਦੇ ਫੁੱਲ
ਮੇਰਾ ਬਚਪਨ-ਮੇਰੀਆਂ ਯਾਦਾਂ
ਭਾਂਤ ਭਾਂਤ ਦੀ ਖੁਸ਼ਬੋ
ਰਲ ਮਿਲ ਗਾਈਏ
ਹੀਰੇ ਮੋਤੀ

**ਆਰ. ਐਲ. ਸਟੀਵੇਨਸਨ**

ਚਾਂਦੀ ਦਾ ਬਟਨ

**ਟੀ. ਆਰ. ਸ਼ਰਮਾ (ਡਾ.)**

ਹੱਸਦੇ ਚਿਹਰੇ
ਸੁਫ਼ਨਿਆਂ ਤੋਂ ਨਾ ਡਰੋ

**ਸੁਖਵੰਤ ਕੌਰ ਮਾਨ**

ਇਕ ਸੀ ਕਾਲੂ
ਲੰਗੜੀ ਤਿਤਲੀ
ਸੱਤ ਕਤੂਰੇ ਸ਼ਿਮਲੇ ਚੱਲੇ
ਸੋਨੇ ਦਾ ਰੁੱਖ
ਟਾਹਲੀ ਟੰਗਿਆ ਆਲ੍ਹਣਾ
ਨਾਨਕ
ਇਕ ਅਨੋਖਾ ਸਕੂਲ

**ਆਰ. ਐਮ. ਬੈਲੰਟਾਈਨ**

ਮੂੰਗੇ ਦਾ ਟਾਪੂ

**ਸਤਿਆਜੀਤ ਰੇਅ**

ਮਾਸਟਰ ਅੰਸ਼ੂਮਾਨ
ਸੋਨੇ ਦਾ ਕਿਲਾ

**ਸਰਬਜੀਤ ਬੇਦੀ**

ਤਾਰਾ ਤੁਰਿਆ ਜਾਏ
ਪਿੰਜਰਾ
ਖੇਡਣ ਦੇ ਦਿਨ ਚਾਰ

**ਤਰਲੋਕ ਸਿੰਘ**

ਨਾਨਾ ਜੀ ਹਾਰੇ
ਮਿੱਤਰ ਦੀ ਪਛਾਣ

**ਸੁਰਜੀਤ ਤਲਵਾਰ**

ਸਾਡਾ ਵਾਤਾਵਰਣ ਅਤੇ ਪ੍ਰਦੂਸ਼ਣ

**ਥੱਮਸ ਹਾਰਡੀ**

ਟੈੱਸ

**ਅਚਾਰਿਆ ਵਿਸ਼ਨੂੰ ਸ਼ਰਮਾ**

ਪੰਚਤੰਤਰ

**ਗਿਆਨੀ ਜ਼ੈਲ ਸਿੰਘ**

ਆਤਮ ਕਥਾ, ਗਿਆਨੀ ਜ਼ੈਲ ਸਿੰਘ

**ਦੇਵਕੀ ਨੰਦਨ ਖਤਰੀ**

ਚੰਦਰਕਾਂਤਾ

**ਦਾਰਾ ਸਿੰਘ**

ਮੇਰੀ ਆਤਮਕਥਾ

**ਦਰਸ਼ਨ ਸਿੰਘ ਆਸ਼ਟ**

ਅਸਲੀ ਜਾਦੂ
ਜੱਗੂ ਦੀ ਸੂਝ
ਗੁੱਡੀ
ਕੀੜੀ ਦਾ ਚਲਾਨ
ਚੂਹੇ ਦਾ ਵਿਆਹ

**ਲਿਓ ਤਾਲਸਤਾਇ**

ਪਾਦਰੀ ਸੇਰਗਈ

**ਦਲੀਪ ਸਿੰਘ ਵਾਸਨ**

ਸਫਲਤਾ ਦੀ ਕਰਮ-ਭੂਮੀ
ਭਾਰਤੀਆਂ ਦੇ ਅਧਿਕਾਰ ਅਤੇ ਫ਼ਰਜ਼
ਰੱਬ ਇਨਸਾਨ ਵਿੱਚ ਵਸਦਾ ਹੈ
ਵੱਡਾ ਸੋਚੋ ਵੱਡਾ ਬਣੋ
ਸੁਪਨਾ, ਸੋਚ ਤੇ ਸਫ਼ਲਤਾ
ਸਫਲਤਾ ਦੇ ਸੁਨਿਹਰੇ ਸਿਧਾਂਤ

**ਦਲਬੀਰ ਸਿੰਘ**

ਕਾਰਗਿਲ, ਵੀਰਤਾ ਦੀ ਅਦੁੱਤੀ ਕਹਾਣੀ

**ਰਾਬਿੰਦਰ ਨਾਥ ਟੈਗੋਰ**

ਕਾਬਲੀ ਵਾਲਾ ਤੇ ਹੋਰ ਕਹਾਣੀਆਂ

**ਰਾਜਿੰਦਰ ਪਾਲ ਸਿੰਘ (ਡਾ.)**

ਭਾਰਤੀ ਦਰਸ਼ਨ
ਸ਼ਹੀਦੇ ਆਜ਼ਮ ਭਗਤ ਸਿੰਘ
ਦੀ ਜੇਲ ਨੋਟ ਬੁੱਕ

**ਰਾਮ ਲਾਲ ਪ੍ਰੇਮੀ**

ਲੂੰਬੜ ਦਾ ਬਿਗਲ

**ਰਾਜੂ ਭਾਰਤਨ**

ਲਤਾ ਮੰਗੇਸ਼ਕਰ, ਇਕ ਜੀਵਨੀ

**ਰਾਜਪਾਲ**

ਮਿੱਟੀ ਤੋਂ ਮਨੁੱਖ ਤੱਕ

**ਰਾਜਵੰਤ ਕੌਰ ਪੰਜਾਬੀ (ਡਾ.)**

ਵਿਆਹ ਦੇ ਲੋਕਗੀਤ
ਰੰਗਲਾ ਪੰਜਾਬ ਮੇਰਾ
ਪਾਣੀ ਵਾਰ ਬੰਨੇ ਦੀਏ ਮਾਏ

**ਰਮਾ ਰਤਨ (ਡਾ.)**

ਨਿੱਕੀ ਮੱਛੀ ਦਾ ਗੀਤ
ਸਾਨੂੰ ਲੱਭ ਵੀ ਲਓ
ਨਿਨ੍ਹਿਆਂ ਰਸ ਭਰੀਆਂ

**ਰਸ਼ੀਦ ਕਿਦਵਈ**

ਸੋਨੀਆ ਇਕ ਜੀਵਨੀ

**ਪੂਰਨ ਸਿੰਘ (ਪ੍ਰੋ.)**

ਲੋਕ ਗਾਥਾਵਾਂ

**ਨੀਰਜ ਕੁਮਾਰ**

ਅਰਥ ਸ਼ਾਸਤਰ ਕੋਸ਼

**ਨਰਿੰਦਰ ਸਿੰਘ ਕਪੂਰ (ਡਾ.)**

ਆਹਮੋ ਸਾਹਮਣੇ
ਅੰਤਰਝਾਤ
ਬੂਹੇ ਬਾਰੀਆਂ
ਰਾਹ-ਰਸਤੇ
ਸੱਚੋ ਸੱਚ (ਅਮਰੀਕਾ ਦਾ ਸਫ਼ਰਨਾਮਾ)
ਸੁਖਨ ਸੁਨੇਹੇ
ਤਰਕਵੇਦ
ਵਿਆਖਿਆ ਵਿਸ਼ਲੇਸ਼ਣ
ਡੂੰਘੀਆਂ ਸਿਖਰਾਂ

**ਮਨਮੋਹਨ ਬਾਵਾ**

ਇਕ ਪਰਬਤ ਦੋ ਦਰਿਆ
ਅਣਡਿੱਠੇ ਰਸਤੇ ਉੱਚੇ ਪਰਬਤ

**ਬਲਰਾਮ ਦੱਤ ਸ਼ਰਮਾ**

ਇਕ ਸੀ ਸੁਲੇਮਾਨ
ਸੁਆਲ ਮੁੱਛ ਦਾ
ਅੰਮ੍ਰਿਤ ਦਾ ਘੁੱਟ
ਪਿਆਰ ਦੀ ਨੀਂਹ
ਫੁਲਿਆ ਬਾਂਸ
ਮਹਾਨ ਅਕਬਰ

**ਕੁਲਦੀਪ ਸਿੰਘ**

ਨੀਲਾ ਅੰਬਰ
ਫੁੱਲਾਂ ਦਾ ਸੰਸਾਰ

**ਧਰਮਿੰਦਰ ਸਿੰਘ ਉੱਭਾ (ਡਾ.)**

ਕੰਪਿਊਟਰ ਨਾਲ ਮੁਢਲੀ ਜਾਣ ਪਛਾਣ
ਐਮ ਐਸ ਵਰਡ

**ਧਰਮਪਾਲ ਸਿੰਗਲ (ਡਾ.)**

ਗੁਰੂ ਰਵਿਦਾਸ, ਜੀਵਨ ਤੇ ਵਿਚਾਰ
ਕਸ਼ਮੀਰ ਦੀ ਭਗਤ ਲੱਲੇਸ਼ਵਰੀ
ਮਹਾਰਿਸ਼ੀ ਅਰਵਿੰਦ ਘੋਸ਼
ਮਹਾਤਮਾ-ਜੋਤਿਬਾ ਫੂਲੇ
ਸੰਤ ਸ਼ੰਕਰ ਦੇਵ
ਸੰਤ ਵਿਦਿਆਰੰਨਯ
ਸ੍ਰੀ ਚੈਤੰਨਯ ਮਹਾਪ੍ਰਭੂ
ਸੁਆਮੀ ਦਯਾਨੰਦ ਸਰਸਵਤੀ
ਸੁਆਮੀ ਰਾਮ ਤੀਰਥ

**ਫਯੋਡਰ ਡੋਸਟੋਵਸਕੀ**

ਦੋਸ਼ ਤੇ ਡੰਨ

**ਪ੍ਰੀਤਮ ਸਿੰਘ ਰਾਹੀ**

ਗਧੇ ਦੀ ਯਾਦਦਾਸ਼ਤ

**ਪ੍ਰਭਸ਼ਰਨਜੋਤ ਕੌਰ**

ਪਿੱਪਲ ਦਿਆ ਪੱਤਿਆ ਵੇ

**ਨਵਦੀਪ ਸਿੰਘ ਗਿੱਲ**

ਖੇਡ ਅੰਬਰ ਦੇ ਪੰਜਾਬੀ ਸਿਤਾਰੇ

**ਪਵਨ ਕੁਮਾਰ ਗਰਗ**

ਮਾਇਕਰੋਸਾਫ਼ਟ ਐਕਸਲ ਐਕਸ ਪੀ

**ਨਵਲਪ੍ਰੀਤ ਸਿੰਘ ਚੋਮੋਂ**

ਗਿੱਠ ਮੁੱਠੀਏ

**ਮੋਹਨ ਲਾਲ**

ਆਓ ਅੰਗਰੇਜ਼ੀ ਸਿੱਖੀਏ!

**ਬੰਤ ਸਿੰਘ ਪੰਧੇਰ**

ਏਨੀ ਮੇਰੀ ਬਾਤ

**ਮੁਹੰਮਦ ਇਦਰੀਸ**

ਮੁਗਲ ਭਾਰਤ

**ਯਤੀਸ਼ ਅਗਰਵਾਲ**

ਦਿਲ ਨੂੰ ਨਰੋਇਆ ਕਿਵੇਂ ਰੱਖੀਏ
ਸਿਹਤ ਦੇ 300 ਸੁਆਲ
ਗੰਭੀਰ ਰੋਗਾਂ ਦੇ ਸੌਖੇ ਇਲਾਜ

**ਬਲਦੇਵ ਰਾਜ ਦਾਵਰ**

ਵਿਗਿਆਨ ਗੀਤਾ

**ਬਲਜੀਤ ਸਿੰਘ ਬਲੀ**

ਚਲੋ ਕਨੇਡਾ

**ਲਾਲਾ ਹਰਦਿਆਲ**

ਸਵੈ ਵਿਕਾਸ ਦਾ ਮਾਰਗ
ਵਿਗਿਆਨ ਕਿਉਂ ਪੜ੍ਹੀਏ

**ਮਹਿੰਦਰ ਸਿੰਘ ਜੋਸ਼ੀ**

ਮੇਰੇ ਪੱਤੇ ਮੇਰੀ ਖੇਡ

**ਹਰਨੇਕ ਸਿੰਘ ਕਲੇਰ**

ਆਓ ਖੇਡੀਏ ਘਰ ਘਰ
ਰੁੱਖ ਬੋਲ ਪਏ

# ਗੀਤਾਂ ਦੇ ਘੁੰਗਰੂ

(ਬਾਲ-ਗੀਤ ਤੇ ਕਵਿਤਾਵਾਂ)

ਮਨਮੋਹਨ ਸਿੰਘ ਦਾਊਂ

**ਲੋਕਗੀਤ ਪ੍ਰਕਾਸ਼ਨ**
ਐਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।

# ਤਰਤੀਬ


1 ਸ਼ੁੱਭ-ਇੱਛਾਵਾਂ /3
2 ਨਵੇਂ ਸਾਲ ਦਾ ਸੱਜਰਾ ਸੂਰਜ/4
3 ਧਰਤੀ ਰੰਗਾਂ ਦੀ ਫੁਲਕਾਰੀ/5
4 ਚਿੜੀਆਂ/6
5 ਮਿੱਟੀ ਵਾਲਾ ਘਰ/7
6 ਸਾਡੇ ਸੁਪਨੇ/8
7 ਮੇਰਾ ਪਤੰਗ/9
8 ਵਰਖਾ ਦੀ ਰਿਮ-ਝਿਮ/10
9 ਚਿੱਤਰਾਂ ਨਾਲ ਗੱਲਾਂ/11
10 ਰੁੱਖਾਂ ਦੇ ਮੈਂ ਗਾਵਾਂ ਗੀਤ/12
11 ਪੱਤਿਆਂ ਦੀ ਰੇਲ/13
12 ਜੀਵਨ ਰੌਸ਼ਨ ਕਰੀਏ /14
13 ਕੀ ਕੀ ਚੰਗਾ ਲਗਦਾ/15
14 ਰੰਗ-ਬਰੰਗੀ ਮੇਰੀ ਛਤਰੀ/16
15 ਪੰਛੀ ਮੈਨੂੰ ਉੱਡਣਾ ਸਿਖਾ/17
16 ਰੰਗ-ਰੰਗੋਲੀ ਹੋਲੀ/18
17 ਗਿਆਨ ਦੀ ਪੌੜੀ/19
18 ਸਾਡਾ ਬਚਪਨ/20
19 ਧੁੱਪ ਪੱਲਿਆਂ 'ਚ ਪਾਈਏ/21
20 ਫਲਾਂ ਦਾ ਗੀਤ/22
21 ਪਾ ਕਰੰਗੜੀ ਨੱਚੀਏ/23
22 ਪਾਰਕ ਵਿਚ ਖੇਡਦੇ ਬੱਚੇ /24
23 ਅਲ੍ਹੜ-ਬਲੜ੍ਹ ਦਾ ਗੀਤ/ 25
24 ਪਿੰਡ ਦਾ ਬੋਹੜ/26
25 ਸੁੰਦਰ ਆਪਣਾ ਸ਼ਹਿਰ ਬਣਾਈਏ/27
26 ਦੀਵਾਲੀ ਦੀ ਰਾਤ/28
27 ਦਾਤੇ ਰੁੱਖ/29
28 ਨੰਨੀ ਸੁਖ਼ਨ/30
29 ਪਹੀਏ ਉੱਤੇ ਦੁਨੀਆਂ ਘੁੰਮੇ/31
30 ਸ਼ਹਿਦ ਦੀਆਂ ਮੱਖੀਆਂ/32


ਪਿਆਰੇ ਲਾਡ-ਲਡਿਕਲੇ ਪੋਤਰੇ
ਹੁਸਨਵੀਰ ਸਿੰਘ ਦੇ ਨਾਂ!!

# ਸ਼ੁਭ-ਇੱਛਾਂਵਾਂ

ਸੂਰਜ ਚੜ੍ਹਦਾ ਰਹੇ,
ਦਰਿਆ ਵਗਦਾ ਰਹੇ।

ਧਰਤ ਪਿਆਰੀ ਲਗੇ,
ਜਿੰਦ ਸੁਹਣੀ ਸਜੇ।

ਫੁੱਲ ਖਿੜਦੇ ਰਹਿਣ,
ਗੀਤ ਬਣਦੇ ਰਹਿਣ।

ਬੱਚੇ ਹਸਦੇ ਰਹਿਣ,
ਘਰ ਵਸਦੇ ਰਹਿਣ।

ਬਿਰਛ ਸਾਵੇ ਰਹਿਣ,
ਪੌਣਾਂ ਗੱਲਾਂ ਕਹਿਣ।

ਪੰਛੀ ਉੱਡਣ ਬਹਿਣ,
ਰਾਹੀ ਤੁਰਦੇ ਰਹਿਣ।

ਖੇਤੀਂ ਫ਼ਸਲਾਂ ਉਗਣ,
ਦਿਲ ਪ੍ਰੀਤਾਂ ਪੁਗਣ।

ਹੱਥ ਕੰਡੇ ਚੁਗਣ,
ਪੈਰੀਂ ਤਾਲ ਉੱਠਣ।

ਧੁੱਪਾਂ ਚੰਗੀਆਂ ਲਗਣ,
ਛਾਂਵਾਂ ਠੰਢੀਆਂ ਸਜਣ।

ਮੱਥੇ ਦੀਵੇ ਜਗਣ,
ਜਸ਼ਨ ਵਿਹੜੇ ਸਜਣ।



# ਨਵੇਂ ਸਾਲ ਦਾ ਸੱਜਰਾ ਸੂਰਜ

ਨਵੇਂ ਸਾਲ ਦੇ ਸੂਰਜ ਦੀਆਂ
ਆਓ ਕਿਰਨਾਂ ਹੱਥੀਂ ਫੜੀਏ,
ਦਿਲ-ਸਾਗਰ ਵਿੱਚ ਲੈ ਉਮੰਗਾਂ
ਸੁਹਣੇ-ਸੁਹਣੇ ਸੁਪਨੇ ਘੜੀਏ।

ਨਵੇਂ ਸਾਲ ਦੀ ਨਿੱਘੀ ਧੁੱਪ ਦਾ
ਰੀਝਾਂ ਸੰਗ ਸੁਆਗਤ ਕਰੀਏ,
ਫੁੱਲਾਂ ਵਾਂਗੂ ਖਿੜ ਕੇ ਸੱਜਰੇ
ਵਿਹੜਿਆਂ ਦੇ ਵਿੱਚ ਮਹਿਕਾਂ ਭਰੀਏ।

ਨਵੇਂ ਸਾਲ ਦੀ ਪੌਣ ਸੰਦਲੀ
ਧਰਤ ਸੁਹਾਵੀ ਉੱਤੇ ਰੁਮਕੇ,
ਸਾਵੇ ਪੱਤਰ ਸ਼ਗਨ ਮਨਾਵਣ
ਤ੍ਰੇਲ ਦੇ ਪਾ ਕੇ ਕੰਨੀਂ ਝੁਮਕੇ।

ਨਵੇਂ ਸਾਲ ਦਾ ਸੱਜਰਾ ਸੂਰਜ
ਸੁੱਖਾਂ-ਸਧਰਾਂ ਲੈ ਕੇ ਆਵੇ,
ਪਿੰਡ, ਨਗਰ ਤੇ ਸ਼ਹਿਰਾਂ ਤਾਈਂ
ਸਭ ਥੀਂ ਚਾਨਣ ਵੰਡ ਰੁਸ਼ਨਾਵੇ।

ਨਵੇਂ ਸਾਲ ਦੀ ਆਮਦ ਉੱਤੇ
ਦਿਲ 'ਚੋਂ ਰੋਸੇ-ਸ਼ਿਕਵੇ ਛੰਡੀਏ,
ਭਰ-ਭਰ ਘੁੱਟ ਮੁਹੱਬਤ ਵਾਲੇ
ਸ਼ੁਭ-ਇੱਛਾਂਵਾਂ 'ਦਾਊਂ' ਵੰਡੀਏ।

## ਧਰਤੀ ਰੰਗਾਂ ਦੀ ਫੁਲਕਾਰੀ

ਧਰਤੀ ਸਾਡੀ ਮਾਂ,
ਸਭ ਲਈ ਨਿੱਘੀ ਥਾਂ।

ਕਿੰਨਾ ਇਸ ਦਾ ਸਬਰ,
ਸਹਿੰਦੀ ਕਿੰਨਾ ਜਬਰ।

ਖਿੜਦੇ ਇਸ 'ਤੇ ਫੁੱਲ
ਕਿਹੜਾ ਇਸ ਦੇ ਤੁੱਲ।

ਉਪਜਾਏ ਫ਼ਲ ਤੇ ਫ਼ਸਲਾਂ।
ਜਨਮੇ ਕਿੰਨੀਆਂ ਨਸਲਾਂ।

ਇਸ ਦੇ ਉੱਚੇ ਪਰਬਤ,
ਸੋਹੇ ਕਿੰਨੀ ਬਨਸਪਤ।

ਵਗਣ ਨਦੀਆਂ, ਦਰਿਆ,
ਕਿਤੇ ਜੰਗਲ ਹਰਾ-ਭਰਾ।

ਹੈ ਰੰਗਾਂ ਦੀ ਫੁਲਕਾਰੀ,
ਜਾਵਾਂ ਮੈਂ ਬਲਿਹਾਰੀ

ਪੂਰਬ, ਪੱਛਮ, ਉੱਤਰ, ਦੱਖਣ।
ਮਾਂ ਲੋਚੇ, ਪੁੱਤ ਸੁਖੀ ਵੱਸਣ।

# ਚਿੜੀਆਂ

ਵਿਹੜੇ ਦੇ ਵਿੱਚ ਆਈਆਂ ਚਿੜੀਆਂ,
ਮੈਂ ਚਿੜੀਆਂ ਨੂੰ ਚੋਗਾ ਪਾਵਾਂ।

ਚੀਂ-ਚੀਂ ਕਰਦੀਆਂ ਚਿੜੀਆਂ ਤੱਕ ਕੇ
ਮੈਂ ਵੀ ਗੀਤ ਖ਼ੁਸ਼ੀ ਦੇ ਗਾਵਾਂ।

ਇੱਕ-ਇੱਕ ਦਾਣਾ ਚੁਗਦੀਆਂ ਚਿੜੀਆਂ,
ਕਿੰਨੀਆਂ ਪਿਆਰੀਆਂ ਪਿਆਰੀਆਂ ਲੱਗਣ।

ਅੱਖਾਂ ਨਿੱਕੀਆਂ, ਚੁੰਝਾਂ ਤਿੱਖੀਆਂ,
ਸੁਹਣੇ ਖੰਭ ਇਹਨਾਂ ਦੇ ਫੱਬਣ।

ਨਾਲ ਖ਼ੁਸ਼ੀ ਦੇ ਦਾਣੇ ਚੁਗ ਕੇ,
ਮਿੱਟੀ ਦੇ ਨਾਲ ਲੱਗੀਆਂ ਨਾਵਣ।

ਮਾਰ ਉਡਾਰੀ ਖੰਭ ਝਾੜ ਕੇ,
ਵਿਹੜੇ ਵਿਚੋਂ ਉੱਡ-ਪੁੱਡ ਜਾਵਣ।



# ਮਿੱਟੀ ਵਾਲਾ ਘਰ

ਆਓ ਨੀ ਸਹੇਲੀਓ,
ਮਿੱਟੀ ਨਾਲ ਖੇਡੀਏ।

ਗਿੱਲੀ-ਗਿੱਲੀ, ਠੰਢੀ-ਠੰਢੀ,
ਮਿੱਟੀ ਪਿਆਰੀ ਲੱਗਦੀ।
ਖੇਡਣੇ ਨੂੰ ਮਿੱਟੀ ਸੱਚੀਂ,
ਬੜੀ ਔਖੀ ਲੱਭਦੀ।

ਆਓ ਨੀ ਸਹੇਲੀਓ,
ਬਹਿਜੋ ਨੰਗੇ ਪੈਰ ਕਰ।
ਮੈਲੇ ਪੈਰ ਹੋਣ ਦਾ ਨੀਂ,
ਸਾਨੂੰ ਹੁਣ ਕੋਈ ਡਰ।

ਮੰਮੀ ਮੇਰੀ ਆਂਹਦੀ ਰਹਿੰਦੀ,
ਮਿੱਟੀ ਸਦਾ ਸੁੱਚੀ ਹੁੰਦੀ।
ਲਿੱਪ ਕੇ ਰਸੋਈ ਸਾਡੀ,
ਮਿੱਟੀ ਥੀਂ ਸਵੱਛ ਹੁੰਦੀ।

ਆਓ ਨੀ ਸਹੇਲੀਓ,
ਘਰਾਂ ਦੇ ਬਣਾਈਏ ਦਰ।
ਦਰਾਂ ਤੋਂ ਬਗੈਰ ਦੱਸੋ,
ਕਿੱਦਾਂ ਸਾਡਾ ਜਾਊ ਸਰ।

ਪੈਰਾਂ ਉੱਤੇ ਮਿੱਟੀ ਥੱਪ,
ਘਰ ਮੈਂ ਬਣਾਵਾਂਗੀ,
ਸਾਂਭ ਕੇ, ਸੁਆਰ ਕੇ,
ਘਰ ਨੂੰ ਸਜਾਵਾਂਗੀ।

ਦੇਖੋ ਨੀ ਸਹੇਲੀਓ,
ਬਣ ਗਿਆ ਘਰ ਮੇਰਾ,
ਛੇਤੀ ਬਣੇ ਸਾਥਣੇ ਨੀ,
ਮੇਰਾ ਜਿਹਾ ਘਰ ਤੇਰਾ।

ਮਿੱਟੀ ਨਾਲ ਖੇਡਣੇ ਦਾ,
ਮਜ਼ਾ ਹੀ ਨਿਆਰਾ ਹੈ।
ਮਿੱਟੀ ਵਾਲਾ ਘਰ ਸਾਡਾ,
ਕਿੰਨਾ ਹੀ ਪਿਆਰਾ ਹੈ।

# ਸਾਡੇ ਸੁਪਨੇ

ਸਾਡੀ ਕਲਪਨਾ ਦੇ ਖੰਭ,
ਮਾਰਦੇ ਉਡਾਰੀਆਂ,
ਸਾਡੇ ਅੰਬਰਾਂ ਨੂੰ
ਸਾਡੇ ਹਾਣ ਦਾ ਕਰੋ।

ਬੜਾ ਲੰਘ ਗਿਆ ਸਮਾਂ
ਸਾਨੂੰ ਹੈ ਵਿਸਾਰ ਕੇ,
ਸਾਡੇ ਸੁਪਨਿਆਂ 'ਚ ਰੰਗ
ਸਾਡੀ ਪਸੰਦ ਦੇ ਭਰੋ।

ਸਾਡੇ ਕੂਲੇ-ਕੂਲੇ ਬੁੱਲ੍ਹ
ਸਾਡੇ ਹਿਰਦੇ ਸਵੱਛ,
ਸਾਡੇ ਮੋਢਿਆਂ ਤੇ ਐਵੇਂ
ਝੂਠੀ ਤਸੱਲੀ ਨਾ ਧਰੋ।

ਸਾਡੇ ਫੁੱਲਾਂ ਜਿਹੇ ਬੋਲ
ਮਹਿਕਾਂ ਵੰਡਦੇ ਚੁਫ਼ੇਰੇ,
ਸਾਡੇ ਚੱਪੂ ਸਾਨੂੰ ਕਹਿੰਦੇ
ਸਾਗਰ ਜੂਝਦੇ ਤਰੋ।

ਸਾਡੀ ਰੀਝ ਬੜੀ ਨਿੱਕੀ
ਸਾਡੀ ਨੀਝ ਬੜੀ ਤਿੱਖੀ,
ਅਸੀਂ ਦਈਏ ਇਹੋ ਹੋਕਾ
ਹਨੇਰਾ ਧਰਤ ਤੋਂ ਹਰੋ।

# ਮੇਰਾ ਪਤੰਗ

ਕਿੰਨਾ ਸੁਹਣਾ ਮੇਰਾ ਪਤੰਗ,
ਨੀਲਾ-ਪੀਲਾ ਇਸ ਦਾ ਰੰਗ।
ਇਸ ਦੀ ਆੜੀ ਬੱਦਲਾਂ ਸੰਗ,
ਵੇਖਣ ਵਾਲੇ ਹੋਵਣ ਦੰਗ।

ਉੱਚਾ-ਉੱਚਾ ਉੱਡਦਾ ਜਾਵੇ,
ਦੇਖੋ ਕਿੰਨੇ ਵਲ ਇਹ ਖਾਵੇ।
ਅੰਬਰ ਦੇ ਵਿੱਚ ਤਾਰੀ ਲਾਵੇ,
ਪੰਛੀ ਉੱਡਦਾ ਜਿਵੇਂ ਗਾਵੇ।

ਔਹ ਬੱਦਲਾਂ ਨੂੰ ਕਰ ਗਿਆ ਪਾਰ,
ਤੱਕ-ਤੱਕ ਕਹਿੰਦੇ ਮੇਰੇ ਯਾਰ।
ਜਿਉਂ-ਜਿਉਂ ਖਿੱਚਾਂ ਇਸ ਦੀ ਤਾਰ,
ਉੱਚਾ ਚੜ੍ਹੇ ਪਲਾਕੀ ਮਾਰ।

ਹੱਥੋਂ ਮੁੱਕਣ ਲੱਗੀ ਡੋਰ,
ਸਾਥੀ ਕਹਿੰਦੇ ਛੱਡ ਨਾ ਹੋਰ।
ਔਹ ਬੱਦਲਾਂ 'ਚ ਲੁਕ ਗਿਆ ਮੋਰ,
ਸਾਥੀ ਪਾਉਂਦੇ ਫਿਰਦੇ ਸ਼ੋਰ।

# ਵਰਖਾ ਦੀ ਰਿਮ-ਝਿਮ

ਰਿਮ-ਝਿਮ ਵਰਗਾ ਹੋਵੇਗੀ,
ਸਭ ਦੇ ਪਿੰਡੇ ਧੋਵੇਗੀ।

ਕਿਣ-ਮਿਣ ਚੰਗੀ ਲੱਗੇਗੀ,
ਗਰਮੀ ਇਥੋਂ ਭੱਜੇਗੀ।

ਮੌਸਮ ਠੰਢ ਵਰਤਾਏਗਾ,
ਹਰ ਕੋਈ ਖ਼ੁਸ਼ੀ ਮਨਾਏਗਾ।

ਰੁੱਖ, ਬੂਟੇ, ਫੁੱਲ ਟਹਿਕਣਗੇ,
ਬਾਗ਼ ਬਗ਼ੀਚੇ ਮਹਿਕਣਗੇ।

ਪੌਣ ਵੀ ਸ਼ੁੱਧ ਹੋ ਜਾਵੇਗੀ,
ਧਰਤੀ ਮੁੜ ਮੁਸਕਾਵੇਗੀ।

ਜੀਵ-ਜੰਤ ਸਭ ਗਾਵਣਗ,
ਆਪਣਾ ਰਾਗ ਸੁਣਾਵਣਗੇ।

ਵਰਖਾ ਵਿੱਚ ਨਹਾਵਾਂਗੇ,
ਨੱਚ-ਨੱਚ, ਟੱਪ-ਟੱਪ ਗਾਵਾਂਗੇ।



# ਚਿੱਤਰਾਂ ਨਾਲ ਗੱਲਾਂ

ਮੋਰਾਂ ਦੀਆਂ ਕੂਕਾਂ, ਪੈਲਾਂ
ਲੱਗਣ ਪਿਆਰੀਆਂ।

ਅੰਬਰਾਂ 'ਚ ਪਤੰਗ ਵੇਖੋ,
ਭਰਦੇ ਉਡਾਰੀਆਂ।

ਪੱਤਿਆਂ ਤੇ ਫੁੱਲਾਂ ਸੰਗ,
ਸਜਣ ਕਿਆਰੀਆਂ।

ਬੱਦਲਾਂ 'ਚ ਪੰਛੀਆਂ,
ਪੀਘਾਂ ਨੇ ਉਤਾਰੀਆਂ।

ਚੰਨ ਵੰਡੇ ਰਾਤੀਂ,
ਰਿਸ਼ਮਾਂ ਨਿਅਰੀਆਂ।

ਖੇਡਦੇ ਨੇ ਬੱਚੇ,
ਮਾਰਨ ਕਿਲਕਾਰੀਆਂ।

ਸਾਵੇ-ਸਾਵੇ ਪੱਤਰਾਂ,
ਪੌਣਾਂ ਨੇ ਨਿਖ਼ਾਰੀਆਂ।

ਹਲਟਾਂ ਦੇ ਪਾਣੀਆਂ,
ਰੌਣਕਾਂ ਖਿਲਾਰੀਆਂ।

ਆਲ੍ਹਣੇ 'ਚ ਬੋਟਾਂ,
ਟਹਿਣੀਆਂ ਸ਼ਿੰਗਾਰੀਆਂ।

ਚਿੱਤਰਾਂ ਦੇ ਨਾਲ,
ਗੱਲਾਂ ਲਿਖ ਮਾਰੀਆਂ।



## ਰੁੱਖਾਂ ਦੇ ਮੈਂ ਗਾਵਾਂ ਗੀਤ

ਸਾਵੇ ਸਾਵੇ ਸੁਹਣੇ ਰੁੱਖ,
ਦੇਣ ਅਸਾਨੂੰ ਕਿੰਨੇ ਸੁੱਖ।

ਸਭ ਨੂੰ ਦੇਵਣ ਠੰਢੀਆਂ ਛਾਂਵਾਂ,
ਜੀਅ ਚਾਹੇ ਥੱਲੇ ਸੌਂ ਜਾਵਾਂ।

ਫੁੱਲ-ਪੱਤੇ ਨੇ ਪਿਆਰੇ-ਪਿਆਰੇ,
ਵੱਖੋ-ਵੱਖਰੇ ਨਿਆਰੇ ਨਿਆਰੇ।

ਇੱਕੋ ਥਾਂ 'ਤੇ ਖੜ੍ਹੇ ਇਹ ਰਹਿਣ,
ਧੁੱਪ ਤੇ ਪਾਲਾ ਸਿਰ 'ਤੇ ਸਹਿਣ।

ਸੋਕਾ ਲੱਗੇ ਤਾਂ ਜਾਂਦੇ ਰੁੱਸ,
ਮੀਂਹ ਪਵੇ ਤਾਂ ਹੁੰਦੇ ਖ਼ੁਸ਼।

ਸਾਨੂੰ ਦੇਂਦੇ ਫ਼ਲ ਤੇ ਫੁੱਲ,
ਕਿਹੜਾ ਦਾਨੀ ਇਹਨਾਂ ਦੇ ਤੁੱਲ।

ਉੱਚੇ ਲੰਮੇ ਪਿਆਰੇ ਰੁੱਖ,
ਮੇਟਣ ਸਭਨਾਂ ਦੀ ਇਹ ਭੁੱਖ।

ਜੀਅ ਲੋਚੇ ਮੈਂ ਤੱਕੀ ਜਾਵਾਂ,
ਰੁੱਖਾਂ ਥੱਲੇ ਗੀਤ ਮੈਂ ਗਾਵਾਂ।

# ਪੱਤਿਆਂ ਦੀ ਰੇਲ

ਪਿੱਪਲੀ ਦੇ ਪੱਤੇ ਹਰੇ,
ਰੁੱਖ ਥੱਲੇ ਡਿੱਗੇ ਪਏ।

ਮੇਰਾ ਆੜੀ ਕੋਲ ਖੜ੍ਹਾ,
ਮੈਨੂੰ ਬਾਰ ਬਾਰ ਕਹੇ।

ਮੈਂ ਕਿਹਾ ਪੱਤਿਆਂ ਦੀ
ਆਓ ਬਣਾਈਏ ਰੇਲ,
ਕਿੰਨੀ ਸੁਹਣੀ ਲੱਗੇਗੀ।
ਵੇਖਿਓ ਸਾਡੀ ਖੇਲ।

ਪੱਤਾ ਪੱਤਾ ਜੋੜ ਅਸੀਂ
ਬਣਾਈ ਲੰਮੀ ਇੱਕ ਰੇਲ,
ਭੱਜਦੀ ਹੈ ਨਾਲ ਸਾਡੇ
ਬਿਨਾਂ ਕੋਲੇ, ਬਿਨਾਂ ਤੇਲ।

ਛੂ-ਛੂ, ਛੂ-ਛੂ
ਛੂ-ਛੂ, ਛੂ-ਛੂ
ਸਾਡੀ ਪੱਤਿਆਂ ਦੀ ਰੇਲ
ਭੱਜੀ ਜਾਂਦੀ ਬਿਨਾਂ ਤੇਲ।

# ਜੀਵਨ ਰੌਸ਼ਨ ਕਰੀਏ

ਆਓ ਰਿਸ਼ਮਾਂ ਬਣ ਕੇ ਖਿੰਡੀਏ
ਡਿਕ-ਡਿਕ ਸਾਰੇ ਕਰੀਏ ਹੋ,
ਫੁੱਲਾਂ ਵਾਂਗੂੰ ਖਿੜਦੇ ਰਹੀਏ
ਪੌਣੀਂ ਮਹਿਕਾਂ ਭਰੀਏ ਹੋ।

ਝਰਨੇ ਵਾਂਗੂੰ ਵਗਦੇ ਰਹੀਏ
ਹਰ ਅੱਕੜ ਨੂੰ ਤਰੀਏ ਹੋ,
ਸੁਹਣੇ ਸੁਹਣੇ ਸੁਪਨੇ ਲਈਏ
ਜੀਵਨ ਰੌਸ਼ਨ ਕਰੀਏ ਹੋ।

ਕੰਗੜੀ ਪਾ ਕੇ ਆਓ ਨੱਚੀਏ
ਗੀਤ ਵਤਨ ਦੇ ਗਾਈਏ ਹੋ,
ਧਰਤੀ ਮਾਂ ਦਾ ਆਦਰ ਕਰੀਏ
ਇਸ ਤੋਂ ਸਦਕੇ ਜਾਈਏ ਹੋ।

ਮਿਹਨਤ ਕਰ ਕੇ ਬੀਜ ਬੀਜੀਏ
ਫ਼ਲ ਉਸ ਦਾ ਫਿਰ ਖਾਈਏ ਹੋ,
ਵਿੱਦਿਆ ਦੀ ਪੌੜੀ 'ਤੇ ਚੜ੍ਹ ਕੇ
ਅੰਬਰਾਂ ਨੂੰ ਹੱਥ ਲਾਈਏ ਹੋ।

# ਕੀ ਕੀ ਚੰਗਾ ਲੱਗਦਾ

ਧੁੱਪ ਚੰਗੀ ਲੱਗਦੀ
ਛਾਂ ਚੰਗੀ ਲੱਗਦੀ,
ਠੰਢੀ ਠੰਢੀ ਵੱਗਦੀ
ਪੌਣ ਚੰਗੀ ਲੱਗਦੀ।

ਬੱਦਲ ਚੰਗੇ ਲੱਗਦੇ
ਪਹਾੜ ਚੰਗੇ ਲੱਗਦੇ,
ਪੰਛੀਆਂ ਦੀ ਡਾਰ
ਸਾਡੇ ਸਿਰਾਂ ਉੱਤੋਂ ਲੰਘਦੀ।

ਫੁੱਲ ਸੁਹਣੇ ਲੱਗਦੇ
ਰੁੱਖ ਸੁਹਣੇ ਲੱਗਦੇ,
ਮਿੱਠੀ-ਮਿੱਠੀ ਮਹਿਕ
ਸਾਡੇ ਸਾਹਾਂ ਥਾਈਂ ਲੰਘਦੀ।

ਘਰ ਸੁਹਣੇ ਲੱਗਦੇ
ਵਿਹੜੇ ਸੁਹਣੇ ਲੱਗਦੇ,
ਗੀਤ ਗਾਉਂਦੀ ਢਾਣੀ
ਵੇਖੋ ਬੱਚਿਆਂ ਦੀ ਲੰਘਦੀ।

ਚੰਨ ਚੰਗਾ ਲੱਗਦਾ
ਅਕਾਸ਼ ਚੰਗਾ ਲੱਗਦਾ,
ਸੁਣ-ਸੁਣ ਬਾਤਾਂ ਯਾਰੋ
ਰਾਤ ਚੰਗੀ ਲੰਘਦੀ।

ਨਦੀ ਚੰਗੀ ਲੱਗਦੀ
ਬੇੜੀ ਚੰਗੀ ਲੱਗਦੀ,
ਚੱਪੂਆਂ ਦੀ ਚੱਪ-ਚੱਪ
ਲਹਿਰਾਂ ਚੀਰ ਲੰਘਦੀ।

# ਰੰਗ-ਬਰੰਗੀ ਮੇਰੀ ਛਤਰੀ

ਵਰਖਾ ਵਰਸੇ ਕਿਣ-ਮਿਣ ਕਾਣੀ,
ਮੈਂ ਵੀ ਆਪਣੀ ਛਤਰੀ ਤਾਣੀ।

ਵਰਖਾ ਤੋਂ ਇਹ ਕਰੇ ਬਚਾਅ,
ਮੈਨੂੰ ਇਸ ਦਾ ਬੜਾ ਹੀ ਚਾਅ।

ਜਦੋਂ ਮੈਂ ਇਸ ਨੂੰ ਲੈਵਾਂ ਖੋਲ੍ਹ,
ਸਾਥੀ ਝੱਟ ਆ ਜਾਵਣ ਕੋਲ।

ਤਿਤਲੀ ਵਾਂਗੂੰ ਹੈ ਬਹੁ-ਰੰਗੀ,
ਆਖਣ ਮੇਰੇ ਸਾਥੀ ਸੰਗੀ।

ਹੱਥੀ ਇਸ ਦੀ ਜਿਵੇਂ ਫੁੱਲ,
ਬਟਨ ਦਬਾਇਆਂ ਜਾਂਦੀ ਖੁੱਲ੍ਹ।

ਤਾਰਾਂ ਇਸ ਦੀਆਂ ਖੁੱਲ੍ਹਣ ਇਕੱਠੀਆਂ,
ਕਦੇ ਨਾ ਟੁੱਟਣ ਏਨੀਆਂ ਪੱਕੀਆਂ।

ਧੁੱਪਾਂ ਤੋਂ ਵੀ ਦੇਂਦੀ ਸੁੱਖ,
ਛਾਂ ਕਰੇ ਜਿਉਂ ਸਾਵਾ ਰੁੱਖ।

ਮੈਨੂੰ ਹੈ ਇਹ ਬੜੀ ਪਿਆਰੀ,
ਜਿਉਂ ਫੁੱਲਾਂ ਦੀ ਸਿਰ 'ਤੇ ਖਾਰੀ।

ਛਤਰੀ ਵਾਂਗੂੰ ਛਾਂਵਾਂ ਕਰੀਏ,
ਇੱਕ ਦੂਜੇ ਦਾ ਦੁੱਖੜਾ ਹਰੀਏ।



# ਪੰਛੀ ਮੈਨੂੰ ਉੱਡਣਾ ਸਿਖਾ

ਪੰਛੀ-ਪੰਛੀ ਮੈਨੂੰ ਤੂੰ
ਉੱਡਣਾ ਸਿਖਾ,
ਨੀਲੇ-ਨੀਲੇ ਅੰਬਰਾਂ ਦੀ
ਤਾਰੀ ਤੂੰ ਲੁਆ।

ਕਿੰਨਾ ਸੁਹਣਾ ਲਗਦਾ ਤੂੰ
ਖੰਭ ਖੋਲ੍ਹਦਾ,
ਪੌਣਾਂ ਦੀ ਸਵਾਰੀ ਕਰ
ਆਪਾ ਤੋਲਦਾ।

ਤੇਰੀ ਤਿੱਖੀ ਚੁੰਝ ਲੱਗੇ
ਤੀਰ ਵਰਗੀ ?
ਤੇਰੀ ਚੀਂ-ਚੀਂ ਨਾਲ
ਨਿੱਤ ਜਾਗੇ ਸਰਘੀ।

ਤੱਕਾਂ ਮੈਂ ਖੜੋਤਾ ਤੈਨੂੰ
ਉਡਾਰੀ ਭਰਦਾ,
ਬੱਦਲਾਂ ਦੇ ਨਾਲ ਜਾਪੇ,
ਗੱਲਾਂ ਕਰਦਾ।

ਦਾਣੇ ਮੈਂ ਖਿੰਡਾਏ ਵੇਖ
ਚੋਗਾ ਚੁਗ ਜਾ,
ਮਿੱਠਾ-ਮਿੱਠਾ ਮੈਨੂੰ ਆ ਕੇ
ਗੀਤ ਤੂੰ ਸੁਣਾ!!

# ਰੰਗ ਰੰਗੀਲੀ ਹੋਲੀ

ਰੰਗਾਂ ਦਾ ਤਿਉਹਾਰ
ਹੋਲੀ ਆਈ ਏ,
ਖਿੜ ਗਈ ਰੁੱਤ ਬਹਾਰ
ਹੋਲੀ ਆਈ ਏ।

ਆਓ ਖੇਡੀਏ ਹੋਲੀ ਰਲ ਕੇ
ਰੰਗ ਗੁਲਾਲ ਦੂਜਿਆਂ 'ਤੇ ਮਲ ਕੇ,
ਸਭਨਾਂ ਖ਼ੁਸ਼ੀ ਮਨਾਈ ਏ।

ਵੱਖੋ-ਵੱਖਰੇ ਰੰਗ ਘੋਲੀਏ
ਭਰ ਪਿਚਕਾਰੀ ਰੰਗ ਡੋਲ੍ਹੀਏ,
ਦੇਖੋ ਟੋਲੀ ਧਾਈ ਏ।

ਰੰਗਾਂ ਦੀ ਇਹ ਖੇਡ ਪਿਆਰੀ
ਦੇਵੇ ਸਭ ਨੂੰ ਖ਼ੁਸ਼ੀ ਨਿਆਰੀ,
ਹਾਣੀਆਂ ਧੂਮ ਮਚਾਈ ਏ।

ਭਿੰਨ-ਭੇਦ ਨੂੰ ਆਓ ਮਿਟਾਈਏ
ਰੰਗਾਂ ਵਾਂਗੂੰ ਘੁਲ-ਮਿਲ ਜਾਈਏ,
ਕਾਹਦੀ ਫੇਰ ਲੜਾਈ ਏ।

ਰੰਗ ਲਿਆਵਣ ਖ਼ੁਸ਼ੀਆਂ ਖੇੜੇ
ਮੁੱਕਣ ਸਾਡੇ ਝਗੜੇ-ਝੇੜੇ,
ਰੰਗਲਾ ਜਸ਼ਨ ਲਿਆਈ ਏ।
ਵਾਹਵਾ ਹੋਲੀ ਆਈ ਏ।

# ਗਿਆਨ ਦੀ ਪੌੜੀ

ਅਸੀਂ ਤਾਂ ਫੁੱਲ ਹਾਂ ਰੰਗ-ਬਰੰਗੇ,
ਸਦਾ ਲੋਚੀਏ ਬਣਨਾ ਚੰਗੇ।

ਅਸੀਂ ਤਾਂ ਸੁਹਣੇ ਸੁਪਨੇ ਲਈਏ,
ਵਾਂਗ ਪੰਛੀਆਂ ਉੱਡਦੇ ਰਹੀਏ।

ਅਸੀਂ ਤਾਂ ਪੌਣਾਂ ਵਾਂਗੂੰ ਵੱਗੀਏ,
ਸਾਂਝਾਂ ਪਾਈਏ ਮਿੱਤਰ ਲੱਗੀਏ।

ਅਸੀਂ ਤਾਂ ਸਾਵੇ ਪੱਤਰ ਬਣੀਏ,
ਦੂਜਿਆਂ 'ਤੇ ਛਤਰੀ ਬਣ ਤਣੀਏ।

ਅਸੀਂ ਤਾਂ ਮਿੱਠੜੇ ਬੋਲ ਸੁਣਾਈਏ,
ਮੰਦੜੇ ਬੋਲ ਨੂੰ ਦੂਰ ਭਜਾਈਏ।

ਅਸੀਂ ਤਾਂ ਚਾਨਣ ਝੋਲੀ ਪਾਈਏ,
ਮਿਲ ਕੇ ਨੱਚੀਏ, ਟੱਪੀਏ, ਗਾਈਏ।

ਅਸੀਂ ਤਾਂ ਮੱਥੇ ਦੀਪ ਜਗਾਈਏ,
ਗਿਆਨ ਦੀ ਪੌੜੀ ਚੜ੍ਹਦੇ ਜਾਈਏ।

## ਸਾਡਾ ਬਚਪਨ

ਅਸੀਂ ਹਾਂ ਨਿੱਕੜੇ-ਨਿੱਕੜੇ ਬਾਲ,
ਮਾਰੀਏ ਚਾਂਗਾਂ ਖ਼ੁਸ਼ੀਆਂ ਨਾਲ।

ਅਸੀਂ ਜਦੋਂ ਵੀ ਇਕੱਠੇ ਹੋਈਏ,
ਕਦੇ ਦੌੜੀਏ, ਕਦੇ ਖੜੋਈਏ।

ਸਾਨੂੰ ਖੇਡ ਪਿਆਰੀ ਲੱਗੇ,
ਖੇਡਣ ਲਈ ਝੱਟ ਆਈਏ ਭੱਜੇ।

ਕਦੇ-ਕਦੇ ਸਾਡੀ ਹੋਏ ਲੜਾਈ,
ਮੁੜ ਹੋ ਜਾਂਦੀ ਮੰਨ-ਮਨਾਈ।

ਜੋਟੀਆਂ ਬੰਨ੍ਹ ਕੇ ਗਾਈਏ ਗੀਤ,
ਅਸੀਂ ਹਾਂ ਆੜੀ, ਅਸੀਂ ਹਾਂ ਮੀਤ।

ਸਾਨੂੰ ਪੰਛੀ ਚੰਗੇ ਲਗਦੇ,
ਤਿਤਲੀਆਂ ਪਿੱਛੇ ਰਹੀਏ ਭੱਜਦੇ।

ਸੁਪਨੇ ਸਾਡੇ ਭਰਨ ਉਡਾਰੀ,
ਲੋਚੀਏ ਅੰਬਰੀਂ ਲਾਉਣੀ ਤਾਰੀ।

ਪਾਣੀ ਨਾਲ ਕਲੋਲਾਂ ਕਰੀਏ,
ਛਿੱਟਮ-ਛਿੱਟੀ ਪੱਲੇ ਭਰੀਏ।

ਫੁੱਲ ਅਸਾਨੂੰ ਪਿਆਰੇ ਲੱਗਣ,
ਰੰਗ-ਬਰੰਗੇ ਵਾਹਵਾ ਫੱਬਣ।

ਚੰਗਾ ਲੱਗੇ ਖਿੜ-ਖਿੜ ਹੱਸਣਾ,
ਨੱਚਣਾ, ਟੱਪਣਾ, ਉੱਠਣਾ, ਨੱਸਣਾ।

ਸਾਡਾ ਬਚਪਨ ਕੋਲ ਰਹਿਣ ਦਿਓ,
ਸੱਚੀ-ਸੱਚੀ ਗੱਲ ਕਹਿਣ ਦਿਓ।

# ਧੁੱਪ ਪੱਲਿਆਂ 'ਚ ਪਾਈਏ

ਆਓ ਠੰਢ ਨੂੰ ਭਜਾਈਏ,
ਧੁੱਪ ਪੱਲਿਆਂ 'ਚ ਪਾਈਏ।

ਸਾਡੇ ਠਰਦੇ ਨੇ ਹੱਥ,
ਅਸੀਂ ਆਖਦੇ ਹਾਂ ਸੱਚ।
ਧੂਣੀ ਬਾਲ ਕੇ ਮਘਾਈਏ,
ਆਓ ਠੰਢ ਨੂੰ ਭਜਾਈਏ।

ਧੁੱਪ ਸੂਰਜੇ ਦੀ ਜਾਈ,
ਤੱਕ ਧਰਤ ਰੁਸ਼ਨਾਈ।
ਸਾਡੇ ਖਿੜ ਗਏ ਵਿਹੜੇ,
ਧੁੱਪ ਚੜ੍ਹੀ, ਆ ਬਨੇਰੇ।
ਅਸੀਂ ਝੂਮ-ਝੂਮ ਜਾਈਏ
ਆਓ ਠੰਢ ਨੂੰ ਭਜਾਈਏ।

ਧੁੱਪ ਬਰਫ਼ ਨੂੰ ਪੰਘਲਾਏ,
ਧੁੱਪ ਫੁੱਲਾਂ ਨੂੰ ਹਸਾਏ।
ਧੁੱਪ ਰੌਸ਼ਨੀ ਦੀ ਸਾਂਝ,
ਦੇਵੇ ਨੇਰ੍ਹਿਆਂ ਨੂੰ ਭਾਂਜ।
ਗੀਤ ਧੁੱਪੜੀ ਦਾ ਗਾਈਏ
ਆਓ ਠੰਢ ਨੂੰ ਭਜਾਈਏ।

ਧੁੱਪ ਸਾਡੀ ਜਿੰਦ ਜਾਨ,
ਸੂਰਜ ਕਰੇ ਨਿੱਤ ਦਾਨ।
ਧੁੱਪ ਫੱਟੀਆਂ ਸੁਕਾਏ,
ਅਸੀਂ ਖ਼ੂਬ ਖਿੜ-ਖਿੜਾਏ।
ਆਓ ਧੁੱਪ ਪਿੰਡੇ ਪਾਈਏ
ਆਓ ਠੰਢ ਨੂੰ ਭਜਾਈਏ!!

# ਫ਼ਲਾਂ ਦਾ ਗੀਤ

ਰੁੱਖਾਂ ਦੇ ਨਾਲ ਮੇਰਾ
ਗੱਲਾਂ ਕਰਨ ਨੂੰ ਜੀਅ ਕਰੇ,
ਮੈਂ ਇਹੋ ਸੁੱਖ ਲੋੜਾਂ
ਰੁੱਖ ਸਦਾ ਰਹਿਣ ਹਰੇ।

ਅੰਬ ਕਿੰਨੇ ਨੇ ਪਿਆਰੇ
ਫ਼ਲ ਦੇਣ ਮਿੱਠੇ-ਮਿੱਠੇ,
ਜਦੋਂ ਗਿਆ ਮੈਂ ਬਜ਼ਾਰ
ਕਿੰਨੀਆ ਕਿਸਮਾਂ ਦੇ ਡਿੱਠੇ।

ਖਾਈਏ ਜਾਮਣਾਂ-ਜਮੋਏ
ਭਰ ਪੱਲਿਆਂ 'ਚ ਗੋਲ੍ਹਾਂ,
ਖਾ ਕੇ ਲੀਚੀ ਠੰਢੀ ਮਿੱਠੀ
ਮੈਂ ਵੀ ਮਿੱਠਾ-ਮਿੱਠਾ ਬੋਲਾਂ।

ਖਾਈਏ ਵੰਡ ਕੇ ਖਜੂਰਾਂ
ਗੁੜ ਵਾਂਗ ਰੱਜ-ਰੱਜ,
ਕਿੰਨੇ ਮਿੱਠੇ ਨੇ ਅੰਗੂਰ
ਖਾਈਏ ਤੋੜ ਭੱਜ-ਭੱਜ।

ਕੇਲਾ ਲਗਦਾ ਸੁਆਦ
ਲੂਣ ਲਾ ਕੇ ਜਦੋਂ ਖਾਈਏ,
ਚੀਕੂ ਖੰਡ ਤੋਂ ਵੀ ਮਿੱਠਾ
ਇਸ ਤੋਂ ਵਾਰੇ-ਵਾਰੇ ਜਾਈਏ।

ਚੇਤੇ ਆਉਣ ਅਮਰੂਦ
ਜਦੋਂ ਬਾਗ਼ ਕੋਲੋਂ ਲੰਘਾਂ,
ਕੀਨੂੰ-ਸੰਤਰੇ ਦਾ ਰਸ
ਮੈਂ ਤਾਂ ਪੀਣ ਲਈ ਮੰਗਾਂ।

ਜਦੋਂ ਖਾਈਏ ਅਸੀਂ ਸੇਬ
ਯਾਦ ਆਵੇ ਕਸ਼ਮੀਰ,
ਅਤਿ ਸੁੰਦਰ, ਮਨਮੋਹਣਾ
ਜਾਪੇ ਫ਼ਲਾਂ ਦਾ ਵਜ਼ੀਰ।

ਗੁਣਕਾਰੀ ਹੈ ਪਪੀਤਾ
ਬੀਜ ਕੱਢ ਚੀਰ ਖਾਵਾਂ,
ਕਿੰਨੇ ਦਾਤੇ ਰੁੱਖ ਸਾਰੇ
ਗੀਤ ਰੁੱਖਾਂ ਦੇ ਮੈਂ ਗਾਵਾਂ।

# ਪਾ ਕਰੰਗੜੀ ਨੱਚੀਏ

ਸਭ ਦੇ ਵਿਹੜੇ, ਸੂਰਜ ਰਾਣਾ
ਵੰਡਣ ਆਇਆ ਧੁੱਪੜੀ,
ਕਿੰਨੇ ਸੁਭਾਗੇ, ਅਸੀਂ ਹਾਂ ਜਾਗੇ
ਅਰਜ਼ ਕਰੇਂਦੇ ਸੁੱਖ ਦੀ।

ਫੁੱਲ ਖਿੜੇ ਬਹੁ-ਰੰਗੇ ਵੇਖੋ
ਖ਼ੁਸ਼ਬੂ ਦੇ ਵਣਜਾਰੇ,
ਇਹ ਧਰਤੀ ਹੈ ਮਾਤਾ ਸਾਡੀ
ਅਸੀਂ ਇਸ ਦੇ ਰਾਜ ਦੁਲਾਰੇ।

ਚਾਵਾਂ ਦੇ ਬੱਦਲ ਪਏ ਹੱਸਦੇ
ਪੰਛੀ ਭਰਨ ਉਡਾਰੀ,
ਕਾਹਤੋਂ ਰੁੱਸੀਏ, ਕਾਹਤੋਂ ਲੜੀਏ
ਕੁਦਰਤ ਰੰਗਾਂ ਦੀ ਫੁਲਕਾਰੀ।

ਆਸਾਂ ਦੇ ਦੀਵੇ ਪਏ ਬਲਦੇ
ਚਾਨਣ-ਚਾਨਣ ਕਰਦੇ,
ਵਿੱਦਿਆ ਦੀ ਪਗਡੰਡੀ ਤੁਰੀਏ
ਉੱਦਮੀ ਔਕੜ ਤੋਂ ਨਾ ਡਰਦੇ।

ਸੁਪਨੇ ਕੱਤੀਏ, ਕਦੇ ਨਾ ਥੱਕੀਏ
ਪਾ ਕਰੰਗੜੀ ਨੱਚੀਏ,
ਬਚਪਨ ਮੁੜ ਕਦੇ ਨਾ ਆਉਣਾ
ਫੁੱਲਾਂ ਵਾਂਗੂ ਹੱਸੀਏ।

# ਪਾਰਕ ਵਿੱਚ ਖੇਡਦੇ ਬੱਚੇ

ਰੰਗ-ਬਰੰਗੇ ਕੱਪੜੇ ਪਾ ਕੇ
ਪੈਰੀਂ ਸੁਹਣੇ ਬੂਟ ਸਜਾ ਕੇ।
ਸਾਡੇ ਘਰ ਦੀ ਪਾਰਕ ਅੱਗੇ,
ਬੱਚੇ ਖੇਡਣ, ਆਵਣ ਭੱਜੇ।

ਬੰਨ੍ਹ ਟੋਲੀਆਂ ਜਦ ਉਹ ਆਵਣ,
ਪਾਰਕ ਦੇ ਵਿੱਚ ਰੌਣਕ ਲਾਵਣ।
ਹਰਾ-ਭਰਾ ਘਾਹ ਵਾਜਾਂ ਮਾਰੇ,
ਪਾਰਕ ਦੇ ਫੁੱਲ ਕਰਨ ਇਸ਼ਾਰੇ।

ਸਭ ਨੂੰ ਖੇਡ ਹੈ ਚੰਗੀ ਲੱਗਦੀ,
ਨਿਕੜਿਆਂ ਦੀ ਹੈ ਟੋਲੀ ਫਬਦੀ।
ਝੂਟੇ ਲੈ-ਲੈ ਇਹ ਨਹੀਂ ਥੱਕਦੇ,
ਡਿੱਗਣ ਤੋਂ ਵੀ ਇਹ ਨਾ ਜੱਕਦੇ।

ਜਦ ਜੀਅ ਚਾਹੇ ਦੌੜ ਲਗਾਉਂਦੇ,
ਖਿੜ-ਖਿੜ ਕਰਦੇ, ਗੀਤ ਨੇ ਗਾਉਂਦੇ।
ਕਦੇ ਚੰਡੋਲ ਘੁਮਾ ਕੇ ਹੱਸਣ,
ਛੂਹਣ-ਛਣੀਕਾ ਖੇਡ ਕੇ ਨੱਸਣ।

ਘੋੜਾ-ਕਾਠੀ 'ਤੇ ਜਾ ਬਹਿੰਦੇ,
ਅੰਗਰੇਜ਼ੀ ਦੇ ਵਿੱਚ 'ਸੀ-ਸਾਅ' ਕਹਿੰਦੇ।
ਬਚਪਨ ਕਿੰਨਾ ਲਗਦਾ ਪਿਆਰਾ,
ਬੱਚਿਆਂ ਦਾ ਸਾਂਝਾ ਜੱਗ ਸਾਰਾ।

ਬੱਚਿਆਂ ਨਾਲ ਹੀ ਪਾਰਕ ਸੋਂਹਦੀ।
ਪਾਰਕ ਬੱਚਿਆਂ ਦਾ ਮਨ ਮੋਂਹਦੀ।

# ਅਲੂੜ ਬਲੂੜ ਦਾ ਗੀਤ

ਅਲੂੜ ਬਲੂੜ ਚੱਕੀ ਝੋਵੇ,
ਦਾਦੀ ਬੈਠੀ ਕੱਪੜੇ ਧੋਵੇ।
ਚੁੱਕ ਬਾਲਟੀ ਪਾਣੀ ਭਰੀਏ,
ਦਾਦੀ ਦੇ ਨਾਲ ਕੰਮ ਆ ਕਰੀਏ।

ਅਲੂੜ ਬਲੂੜ ਇੱਕੜ ਦੁੱਕੜ,
ਦਿਨ ਚੜ੍ਹਿਆ ਏ ਬੋਲੇ ਕੁੱਕੜ।
ਸੈਰ ਕਰਨ ਲਈ ਆਓ ਚੱਲੀਏ,
ਨਿੱਤ ਨਹਾਈਏ ਪਿੰਡਾ ਮਲੀਏ।

ਅਲੂੜ ਬਲੂੜ ਅੱਖ ਮਚੋਲੀ,
ਰਲ-ਮਿਲ ਖੇਡੀਏ ਸਾਰੇ ਹੋਲੀ।
ਵੱਖੋ-ਵੱਖਰੇ ਰੰਗ ਘੋਲੀਏ,
ਇੱਕ ਦੂਜੇ 'ਤੇ ਭਰ-ਭਰ ਡੋਲ੍ਹੀਏ।

ਅਲੂੜ ਬਲੂੜ ਨੱਚਣ ਮੋਰ,
ਮੀਂਹ ਵਸੇਂਦਾ ਜ਼ੋਰੋ-ਜ਼ੋਰ,
ਪੂੜੇ ਖੀਰ ਬਣਾ ਕੇ ਖਾਈਏ,
ਹੱਸੀਏ ਟੱਪੀਏ ਨਾਲੇ ਗਾਈਏ।

ਅਲੂੜ ਬਲੂੜ ਕਿਣ-ਮਿਣ ਕਾਣੀ,
ਮੈਂ ਬਹੁ-ਰੰਗੀ ਛਤਰੀ ਤਾਣੀ।
ਲੈ ਹਰਿਆਲੀ ਸਾਵਣ ਆਇਆ,
ਕੁਦਰਤ ਸੁਹਣਾ ਰੂਪ ਸਜਾਇਆ।

# ਪਿੰਡ ਦਾ ਬੋਹੜ

ਮੇਰੇ ਪਿੰਡ ਦੇ ਬੋਹੜ ਦੀ,
ਠੰਢੜੀ ਠੰਢੜੀ ਛਾਂ।
ਰਲ-ਮਿਲ ਬੈਠਣ ਵਾਸਤੇ,
ਇਹ ਹੈ ਸਾਂਝੀ ਥਾਂ।

ਪੱਤਰ ਇਸ ਦੇ ਸੰਘਣੇ,
ਸਾਵੇ ਹਰੇ ਕਚੂਰ।
ਮਾਣ ਕੇ ਛਾਂਵਾਂ ਇਹਦੀਆਂ,
ਚੜ੍ਹਦਾ ਜਾਏ ਸਰੂਰ।

ਦਾੜ੍ਹੀ ਹੇਠਾਂ ਲਮਕਦੀ,
ਇਸਦੇ ਟਾਹਣਾਂ ਨਾਲ।
ਬਾਬਾ ਬੋਹੜ ਆਖਦੇ,
ਸਾਰੇ ਪਿੰਡ ਦੇ ਬਾਲ।

ਪੰਛੀ ਇਸ 'ਤੇ ਬੈਠ ਕੇ,
ਬੋਲ ਸੁਰੀਲੇ ਗਾਣ।
ਗੋਲ੍ਹਾਂ ਖਾ ਕੇ ਮਿੱਠੀਆਂ,
ਨਾਲ ਖ਼ੁਸ਼ੀ ਉੱਡ ਜਾਣ।

ਬਾਲਕ ਥੱਲੇ ਖੇਡਦੇ,
ਨਿੱਤ ਆੜੀਆਂ ਸੰਗ।
ਇਹ ਨਾ ਪਰਖੇ ਕਦੇ ਵੀ,
ਕੀ ਜ਼ਾਤ-ਪਾਤ ਤੇ ਰੰਗ ?

ਰਾਸ, ਅਖਾੜੇ, ਜਲਸਿਆਂ
ਬੰਨ੍ਹੀ ਇਸ ਦੀ ਸ਼ਾਨ।
ਐਪਰ ਇਹ ਨਾ ਡੋਲਿਆ,
ਆਏ ਝੱਖੜ ਅਤੇ ਤੂਫ਼ਾਨ।

ਜੁੜੀਆਂ ਥੱਲੇ ਰੌਣਕਾਂ,
ਲੈ ਖ਼ੁਸ਼ੀਆਂ ਦੀ ਆਸ।
ਜੀਵਨ ਰੁੱਖਾਂ ਨਾਲ ਹੈ,
ਪੌਣਾਂ ਨਾਲ ਹੀ ਵਾਸ।

ਸਾਂਝਾਂ ਦਾ ਪ੍ਰਤੀਕ ਇਹ,
ਲੋੜੇ ਸਭ ਦੀ ਸੁੱਖ।
ਕਰੇ ਤਰੱਕੀ ਹਰ ਕੋਈ,
ਪਿੰਡ ਸਹੇ ਨਾ ਦੁੱਖ।

# ਸੁੰਦਰ ਆਪਣਾ ਸ਼ਹਿਰ ਬਣਾਈਏ

ਸੁੰਦਰ ਆਪਣਾ ਸ਼ਹਿਰ ਬਣਾਈਏ,
ਆਪਣੇ ਘਰ ਦੇ ਵਾਂਗ ਸਜਾਈਏ।

ਇਸ ਦੀ ਹਰ ਥਾਂ ਚੰਗੀ ਹੋਵੇ,
ਕੋਈ ਵੀ ਥਾਂ ਨਾ ਗੰਦੀ ਹੋਵੇ।

ਸਾਫ਼-ਸੁਥਰੀਆਂ ਸੜਕਾਂ ਰੱਖੀਏ,
ਗਲੀਆਂ ਖ਼ੂਬ ਸਜਾ ਕੇ ਰੱਖੀਏ।

ਪਾਰਕਾਂ ਦੇ ਵਿੱਚ ਘਾਹ ਲਗਾਈਏ,
ਕਿਆਰੀਆਂ ਦੇ ਵਿੱਚ ਫੁੱਲ ਸਜਾਈਏ।

ਰੁੱਖ-ਬੂਟਿਆਂ ਦਾ ਕਰੀਏ ਧਿਆਨ,
ਇਹ ਗੱਲ ਵਿੱਦਿਆ ਦੇਂਦੀ ਗਿਆਨ।

ਕੂੜਾ ਡੱਬਿਆਂ ਦੇ ਵਿੱਚ ਪਾਈਏ,
ਉਪਰੋਂ ਢੱਕਣ ਜ਼ਰੂਰ ਲਗਾਈਏ।

ਟੁੱਟੀਆਂ ਚੀਜ਼ਾਂ ਬਾਹਰ ਨਾ ਸੁੱਟੀਏ,
ਸ਼ਹਿਰ ਦੀ ਐਵੇਂ ਦਿੱਖ ਨਾ ਪੁੱਟੀਏ।

ਸ਼ੋਰ-ਸ਼ਰਾਬਾ ਥੋੜ੍ਹਾ ਪਾਈਏ,
ਨਾ ਉੱਚੀ ਟੀ.ਵੀ., ਕੈਸਟਾਂ ਲਾਈਏ।

ਆਲਾ-ਦੁਆਲਾ ਜੇ ਸਾਫ਼ ਕਰਾਂਗੇ,
ਸ਼ੁੱਧ ਹਵਾ ਤਦੇ ਲੈ ਸਕਾਂਗੇ।

ਹਰ ਖੇਤਰ ਜੇ ਸਾਫ਼ ਰਹੇਗਾ,
ਹਰ ਕੋਈ ਸੁੰਦਰ ਸ਼ਹਿਰ ਕਹੇਗਾ।

ਏਦਾਂ ਹਰੇਕ ਜੇ ਗੱਲ ਚਿਤਾਰੇ,
ਰੋਗ-ਰਹਿਤ ਫਿਰ ਵੱਸਣ ਸਾਰੇ।

## ਦੀਵਾਲੀ ਦੀ ਰਾਤ

ਆਓ ਰੱਖੀਏ ਬਨੇਰਿਆਂ 'ਤੇ ਦੀਵੇ ਭਾਲ ਕੇ,
ਦੂਰ ਕਰੀਏ ਹਨੇਰਾ ਸਾਰੇ ਦੀਵੇ ਬਾਲ ਕੇ।

ਖਿੰਡੇ ਚਾਨਣਾ ਚੁਫੇਰੇ ਗਲੀਆਂ 'ਚ ਹੱਸਦਾ,
ਖ਼ੁਸ਼ੀ-ਚਾਵਾਂ ਨਾਲ ਬੱਚਾ-ਬੱਚਾ ਨੱਸਦਾ।

ਘਰ ਰੌਸ਼ਨੀ ਦੇ ਨਾਲ ਜਗ-ਮਗ ਕਰਦੇ,
ਵਿਹੜੇ ਸ਼ਗਨਾਂ ਤਿਓਹਾਰਾਂ ਨਾਲ ਰਹਿਣ ਭਰਦੇ।

ਦੀਪ-ਮਾਲਾ ਦੀ ਕਤਾਰ ਘਰਾਂ ਉੱਤੇ ਬਲਦੀ,
ਬੜਾ ਹੁੰਦਾ ਹੈ ਖੜਾਕ ਆਤਿਸ਼ਬਾਜੀ ਚਲਦੀ।

ਵਾਹਵਾ ਰੌਣਕਾਂ ਬਜ਼ਾਰਾਂ, ਸ਼ਹਿਰ, ਪਿੰਡ ਲੱਗੀਆਂ,
ਖ਼ੂਬ ਫ਼ਲਾਂ ਤੇ ਮਿਠਾਈ ਦੀਆਂ ਹੱਟਾਂ ਸੱਜੀਆਂ।

ਲਈਏ ਸੁੰਦਰ ਖਿਡੌਣੇ, ਤੋਹਫ਼ੇ ਅਤੇ ਮੂਰਤਾਂ,
ਮੇਰੇ ਰੰਗਲੇ ਪੰਜਾਬ ਦੀਆਂ ਜਿਊਣ ਸੂਰਤਾਂ।

ਬੂਹੇ, ਬਾਰੀਆਂ 'ਤੇ ਘਰਾਂ ਉੱਤੇ ਰੂਪ ਚੜ੍ਹਿਆ,
ਜਿੰਕੂ ਤਾਰਿਆਂ ਦਾ ਰੱਥ ਥੱਲੇ ਆਣ ਖੜ੍ਹਿਆ।

ਵਾਹਵਾ ਚਾਨਣ ਦਾ ਤਿਉਹਾਰ ਰਲ ਪਿਆਰ ਵੰਡੀਏ,
ਸਾਰੇ ਨਫ਼ਰਤਾਂ ਦੀ ਜੰਗ ਤਾਈਂ ਆਓ ਭੰਡੀਏ।

ਜਿੱਤਦਾ ਹੈ ਸੱਚ, ਝੂਠ ਸਦਾ ਹਾਰਦਾ,
ਦੀਵਾਲੀ ਦਾ ਤਿਉਹਾਰ ਗੱਲ ਨੂੰ ਨਿਤਾਰਦਾ।

ਕਰੀਏ ਦੁਆਵਾਂ ਖ਼ੈਰ ਸੁੱਖ ਮੰਗੀਏ,
ਦੀਵਾਲੀ ਵਾਲੀ ਰਾਤ ਖ਼ੁਸ਼ੀਆਂ 'ਚ ਰੰਗੀਏ।

## ਦਾਤੇ ਰੁੱਖ

ਰੁੱਖ ਬੂਟੇ ਇਸ ਧਰਤ ਦੇ
ਬਹੁਤ ਪਿਆਰੇ ਲੱਗਦੇ,
ਛਾਂਵਾਂ ਦੇਵਣ ਠੰਢੀਆਂ
ਫੁੱਲਾਂ ਦੇ ਸੰਗ ਫੱਬਦੇ।

ਝੂਮਣ ਪੌਣਾਂ ਨਾਲ ਜਦ
ਛਿੜੇ ਸੰਗੀਤ ਪਿਆਰੜਾ,
ਜਾਪਣ ਸੈਨਤਾਂ ਮਾਰਦੇ
ਮਿੱਤਰ ਲੱਗਣ ਸਭ ਦੇ।

ਪੱਤ ਸਾਵੇ, ਫੁੱਲ ਗੁੱਛੜੇ
ਕੁਦਰਤ ਪਿਆਰੀ ਜਾਪਦੀ,
ਤੱਕ ਕੇ ਰੂਪ ਵਿਭਿੰਨੜਾ
ਨੈਣ ਨਾ ਸਾਡੇ ਰੱਜਦੇ।

ਦਾਤਾਂ ਵੰਡਣ ਸਭ ਨੂੰ
ਫ਼ਲ ਦੇਵਣ ਵਡ-ਮੁੱਲੜੇ,
ਮੁੱਲ ਨਾ ਮੰਗਣ ਕਿਸੇ ਤੋਂ
ਖੜ੍ਹੇ ਚੁੱਪ-ਚੁਪੀਤੇ ਸੱਜਦੇ।

ਪੰਛੀ, ਜਾਨਵਰ, ਜੀਆਂ ਦਾ
ਰੁੱਖਾਂ ਨਾਲ ਗੁਜ਼ਰਾਨ ਹੈ,
ਇਹ ਦਾਤੇ ਦਾਨੀ ਦੇਵਤੇ
ਆਦਿ-ਕਾਲ ਤੋਂ ਜੱਗ ਦੇ।

ਕਰੋ ਸੰਭਾਲ ਇਹਨਾਂ ਦੀ,
ਕੰਮ ਇਹ ਚੰਗਾ ਜਾਣੀਏ,
ਦੇਵਣ ਇਹ ਖ਼ੁਸ਼ਹਾਲੀਆਂ
ਇਹ ਵਾਰਸ ਸਾਡੇ ਅੱਜ ਦੇ!!

## ਨੰਨੀ ਸੁਖ਼ਨ

ਸੁਬਕ ਸੁਹਲੜੀ ਸੁਖ਼ਨ
ਫੁੱਲ ਪੱਤੀਆਂ ਜਿਹੀ
ਮਾਸੂਮ ਮਲੂਕ ਜਿੰਦੜੀ
ਪਿਆਰੀ ਪਿਆਰੀ
ਅਣਭੋਲ ਮੂਰਤ।

ਕਦੇ ਖਿੜੇ ਗੁਲਾਬ ਵਾਂਗੂੰ
ਕਦੇ ਹੱਸੇ ਨਰਗਸ ਵਾਂਗੂੰ
ਕਦੇ ਕੇਰੇ ਕੋਰੇ-ਕੋਰੇ ਹੰਝੂ
ਤ੍ਰਿਪ-ਤ੍ਰਿਪ ਤ੍ਰੇਲ ਵਾਂਗੂੰ

ਕੂਲੀਆਂ-ਕੂਲੀਆਂ
ਲਸੂੜੇ ਰੰਗੀਆਂ
ਨਿੱਕੜੀਆਂ-ਨਿੱਕੜੀਆਂ
ਉਂਗਲਾਂ ਨਾਲ ਖੇਡੇ,
ਜਿਉਂ-ਤਰਬਾਂ
ਸੰਗੀਤ ਦੀਆਂ ਛੇੜੇ।

ਚੀਰੋ-ਚੀਚ ਚਿੱਤਰਕਾਰੀ ਕਰੇ
ਪੌਣਾਂ ਨੂੰ ਜਿਉਂ ਹੱਥੀਂ ਫੜੇ।
ਤੋਤਲੀਆਂ ਗੱਲਾਂ ਨਾਲ
ਹਾਸੇ ਵੰਡੇ,
ਕਦੇ ਰੋਸਾ ਕਰੇ
ਰੁੱਠ ਜਾਵੇ, ਬੁਲ੍ਹ ਟੇਰੇ।

ਚੁਕੰਨੀ ਹੋ ਕੇ ਗੀਤ ਸੁਣੇ
ਬਾਹਾਂ ਨੂੰ ਉਲਾਰੇ।
ਨਿਕਾ ਜਿਹਾ ਹੱਥ ਹਿਲਾਏ
ਸੁਪਨਿਆਂ ਨੂੰ ਫੜਨਾ ਚਾਹੇ,

ਡੋਲ੍ਹੇ ਕਲਪਨਾ ਦੇ ਰੰਗ
ਨੂਰੀ ਕਿਰਨਾਂ ਦੇ ਸੰਗ,
ਕਦੇ ਮੁੱਠੀ ਕਰੇ ਬੰਦ
ਹੋਈਏ ਵੇਖ ਵੇਖ ਦੰਗ।

ਨਿੱਕੀ ਜਿਹੀ ਬੱਚੀ
ਕੀ ਸੋਚੇ, ਕੀ ਕਿਆਸੇ
ਕੁਝ ਸਮਝ ਨਾ ਆਏ।

# ਪਹੀਏ ਉਤੇ ਦੁਨੀਆਂ ਘੁੰਮੇ

ਪਹੀਏ ਦੀ ਹੈ ਕਾਢ ਨਿਆਰੀ,
ਜਿਸ 'ਤੇ ਘੁੰਮੇ ਦੁਨੀਆਂ ਸਾਰੀ।

ਪਹੀਆ ਘੁੰਮ-ਘੁੰਮ ਕਰੇ ਤਰੱਕੀ,
ਸੁਣ ਲਓ ਬੱਚਿਓ ਗੱਲ ਇਹ ਸੱਚੀ।

ਬੰਦਾ ਇਕ ਥਾਂ ਤੋਂ ਜਦ ਤੁਰਿਆ,
ਪਹੀਏ ਦਾ ਫਿਰ ਫੁਰਨਾ ਫੁਰਿਆ।

ਬੈਲ-ਗੱਡੀ ਉਸ ਜਦੋਂ ਬਣਾਈ,
ਸ਼ੁਰੂ ਹੋਈ ਫਿਰ ਆਵਾਜਾਈ।

ਭੱਜਣ ਲੱਗਿਆ ਬੰਦਾ ਥਾਂ-ਥਾਂ,
ਢੂੰਡਣ ਦੇ ਲਈ ਨਵੀਆਂ ਲੱਭਤਾਂ।

ਤਾਂਗੇ, ਰੱਥਾਂ, ਰੇੜ੍ਹੂ ਚੱਲੇ,
ਟਮ-ਟਮ ਦੌੜੇ ਬੱਲੇ-ਬੱਲੇ।

ਮੋਟਰ, ਕਾਰਾਂ ਦੌੜਨ ਲੱਗੀਆਂ,
ਬੱਸਾਂ, ਜੀਪਾਂ ਫਿਰਦੀਆਂ ਭੱਜੀਆਂ।

ਹਵਾਈ ਜਹਾਜ਼ ਉਡ ਅੰਬਰ ਚੜ੍ਹਿਆ,
ਘੁੰਮਦਾ ਪਹੀਆ ਕਦੇਂ ਨਾ ਖੜ੍ਹਿਆ।

ਰੇਲ-ਗੱਡੀ ਪਹੀਆਂ 'ਤੇ ਭੱਜਦੀ,
ਬੰਦੇ ਢੋਅ-ਢੋਅ ਇਹ ਨਾ ਰੱਜਦੀ।

ਚੱਲਣ ਮਸ਼ੀਨਾਂ ਪਹੀਏ ਸੰਗ,
ਵੇਖ-ਵੇਖ ਸਭ ਹੋਵਣ ਦੰਗ।

ਪਹੀਏ ਨਾਲ ਹੈ ਸਾਰੀ ਹਰਕਤ,
ਪਹੀਏ ਨਾਲ ਹੈ ਸਾਰੀ ਬਰਕਤ।

ਹੋਈ ਤਰੱਕੀ ਪਹੀਏ ਨਾਲ,
ਘੁੰਮ-ਘੁੰਮ ਦੱਸੇ ਇਸ ਦੀ ਚਾਲ।

# ਸ਼ਹਿਦ ਦੀਆਂ ਮੱਖੀਆਂ

ਮੱਖੀਆਂ ਔਹ ਮੱਖੀਆਂ
ਸ਼ਹਿਦ ਦੀਆਂ ਮੱਖੀਆਂ,
ਡੱਬਿਆਂ 'ਚ ਪਾਲ ਕੇ
ਬਾਗ਼ ਵਿਚ ਰੱਖੀਆਂ।

ਫੁੱਲਾਂ ਕੋਲ ਉਡ-ਉਡ
ਸਾਰੀਆਂ ਇਹ ਜਾਂਦੀਆਂ,
ਰਲ-ਮਿਲ ਸ਼ਹਿਦ ਇਹ
ਛੱਤੇ 'ਚ ਬਣਾਉਂਦੀਆਂ।

ਕਿੰਨਾ ਸੁਹਣਾ ਕੰਮ ਇਹ
ਸਾਡੇ ਲਈ ਕਰਦੀਆਂ,
ਫੁੱਲਾਂ ਕੋਲੋਂ ਰਸ ਚੂਸ
ਛੱਤਿਆਂ 'ਚ ਭਰਦੀਆਂ।

ਵੇਖੋ ਕਿਵੇਂ ਬੈਠ ਜਾਣ
ਛੱਤੇ 'ਤੇ ਇਕੱਠੀਆਂ,
ਦੂਰੋਂ-ਦੂਰੋਂ ਰਸ ਲਈ,
ਕਿਵੇਂ ਫਿਰਨ ਨੱਠੀਆਂ।

ਮਿੱਠਾ-ਮਿੱਠਾ ਸ਼ਹਿਦ ਅਸੀਂ
ਚੱਟ-ਚੱਟ ਖਾਵਾਂਗੇ,
ਸ਼ਹਿਦ ਦੀਆਂ ਮੱਖੀਆਂ ਦੇ
ਗੀਤ ਮਿੱਠੇ ਗਾਵਾਂਗੇ।

# ਵਿਦਿਆਰਥੀਆਂ ਅਤੇ ਲਾਇਬਰੇਰੀਆਂ ਲਈ ਸਾਡੀਆਂ ਮਹੱਤਵਪੂਰਨ ਪੁਸਤਕਾਂ

**ਕੁਲਦੀਪ ਸਿੰਘ ਧੀਰ (ਡਾ.)**
ਦਰਿਆਵਾਂ ਦੀ ਦੋਸਤੀ
ਆਦਿਮ ਮਨੁੱਖ ਤੋਂ ਸਟੀਫ਼ਨ ਹਾਕਿੰਗ
ਧਰਤ ਅੰਬਰ ਦੀਆਂ ਬਾਤਾਂ
ਇਹ ਵਿਚਿਤਰ ਬ੍ਰਹਿਮੰਡ
ਕਹਾਣੀ ਐਟਮ ਬੰਬ ਦੀ
ਨਵੀਆਂ ਧਰਤੀਆਂ ਨਵੇਂ ਆਕਾਸ਼
ਤਾਰਿਆ ਵੇ ਤੇਰੀ ਲੋਅ
ਆ ਮਾਰ ਉਡਾਰੀ ਉੱਡ ਚਲੀਏ
ਬਿੱਗ ਬੈਂਗ ਤੇ ਬਿੱਗ ਕਰੰਚ
ਵਿਚਿਤਰ ਕਹਾਣੀ ਊਰਜਾ ਦੀ
ਭਾਰਤੀ ਐਟਮ ਬੰਬ ਦਾ ਮਹਾਂ ਬਿਰਤਾਂਤ

**ਮੈਗਯੁਲ ਸਰਵੈਂਟਸ**
ਤੀਸ ਮਾਰ ਖਾਂ

**ਕੁਲਦੀਪ ਭਟਨਾਗਰ**
ਬੰਦਾ ਸਿੰਘ ਬਹਾਦਰ

**ਕਾਨ੍ਹਾ ਸਿੰਘ**
ਬਿਮਾਰੀ ਦੀ ਭਾਲ
ਟੋਪੀ ਚੋਰ
ਮੇਰਾ ਨਾਨਕ

**ਹਰੀਸ਼ ਜੈਨ**
ਭੋਜਨ ਅਤੇ ਸਿਹਤ
ਬੰਬ ਅਤੇ ਬਿਜਲੀ
ਨੋਬਲ ਪੁਰਸਕਾਰ ਕੋਸ਼ (ਭੌਤਿਕ ਵਿਗਿਆਨ)
ਨੋਬਲ ਪੁਰਸਕਾਰ ਕੋਸ਼(ਸਰੀਰ ਵਿਗਿਆਨ)
ਨੋਬਲ ਪੁਰਸਕਾਰ ਕੋਸ਼(ਰਸਾਇਣ ਵਿਗਿਆਨ)
ਨੋਬਲ ਪੁਰਸਕਾਰ ਕੋਸ਼ (ਸਾਹਿਤ)
ਨੋਬਲ ਪੁਰਸਕਾਰ ਕੋਸ਼ (ਸ਼ਾਂਤੀ)
ਪਰਮਾਣੂ: ਨਵੇ ਦਿੱਸਹਦੇ
ਪੁੱਛਲ ਤਾਰੇ
ਪੁਲਾੜ ਅਤੇ ਰਾਕਟ
ਪੁਲਾੜ ਯਾਤਰਾ
ਰਾਡਾਰ ਕੀ ਹੈ
ਰੇਲ ਦੇ ਇੰਜਣ ਇਤਹਾਸ ਅਤੇ ਭਵਿੱਖ
ਸਮਾਂ ਕੀ ਹੈ
ਟਰਾਂਜਿਸਟਰ ਕੀ ਹੈ
ਤਾਰਿਆਂ ਦਾ ਸੰਸਾਰ
ਜਨਰਲ ਵਿਗਿਆਨ ਪ੍ਰਸ਼ਨੋਤਰੀ
ਵਿਗਿਆਨ ਪ੍ਰਸ਼ਨੋਤਰੀ

**ਕਰਮਿੰਦਰ ਸਿੰਘ**
ਇਤਿਹਾਸ ਦੇ ਸਿਤਾਰੇ
ਭਾਰਤ ਦੀਆਂ ਮਹਾਨ ਇਸਤਰੀਆਂ

**ਹਰਜਿੰਦਰ ਸਿੰਘ ਸੁਰੇਵਾਲੀਆ**
ਪਹਿਲਾ ਪੀਰੀਅਡ ਲੱਗਣ ਤੋਂ ਪਹਿਲਾਂ

**ਹਰਨਾਮ ਦਾਸ ਸਹਿਰਾਈ**
ਗੁਰੂ ਮਾਨਿਓ ਗ੍ਰੰਥ

**ਸ਼ਰੁਤੀ ਜੈਨ**
ਇਕੱਲਿਆਂ ਘੁੰਮਣ ਵਾਲਾ ਬਿੱਲਾ
ਸਾਡਾ ਰਾਸ਼ਟਰੀ ਝੰਡਾ
ਰੁੱਖਾਂ ਦੀ ਕਹਾਣੀ

**ਜਨਮੇਜਾ ਸਿੰਘ ਜੌਹਲ**
ਚੈਨੀ ਵਾਲੀ ਚਿੜੀ
ਚੱਲ ਓ ਕਤੂਰਿਆ
ਫੋਟੋਗ੍ਰਾਫੀ

**ਜੂਲ ਵਰਨ**
ਅੱਸੀ ਦਿਨਾਂ 'ਚ ਦੁਨੀਆਂ ਦੀ ਸੈਰ

**ਕਰਨੈਲ ਸਿੰਘ ਕੋਮਲ (ਡਾ.)**
ਜੀਵਨ-ਜੁਗਤਾਂ ਦੀ ਤਲਾਸ਼
ਜਿਊਂਣਾ ਆਪਣੀ ਮੌਜ 'ਚ
ਨਿੱਤ ਚੜਦੈ ਨਵੇਂ ਸਾਲ ਦਾ ਸੂਰਜ
ਜ਼ਿੰਦਗੀ ਉਤਸਵ ਹੈ
ਨਿਵੇਕਲੇ ਪੰਜਾਬੀ ਲੇਖ (ਐਲੀਮੈਂਟਰੀ)
ਨਿਵੇਕਲੇ ਪੰਜਾਬੀ ਲੇਖ (ਸੀ. ਸੈਕੰਡਰੀ)
ਰੌਚਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ

**ਹਰਮਲ ਮੈਲਵਿਕ**
ਮੋਬੀ ਡਿਕ

**ਕਰਮਜੀਤ ਗਰੇਵਾਲ**
ਛੱਡ ਕੇ ਸਕੂਲ ਮੈਨੂੰ ਆ

**ਹਰਚੰਦ ਸਿੰਘ ਸਰਹਿੰਦੀ (ਡਾ.)**
ਅਸੀਂ ਕਿਉਂ ਸੌਂਦੇ ਹਾਂ ?
ਸਾਡਾ ਸਰੀਰ ਅਤੇ ਇਹਦੀ ਸੰਭਾਲ
ਸਿਹਤ ਗਿਆਨ ਤੇ ਮਨੋਵਿਗਿਆਨ
ਸਿਹਤਮੰਦ ਕਿਵੇਂ ਰਹੀਏ
ਤੁਹਾਡੀ ਸਿਹਤ
ਜੀਵ ਜੰਤੂਆਂ ਦੇ ਅਨੋਖੇ ਸੁਰੱਖਿਆ ਪ੍ਰਬੰਧ
ਜੀਵ ਜੰਤੂਆਂ ਦੀ ਅਨੋਖੀ ਦੁਨੀਆਂ
ਸੱਪਾਂ ਅਤੇ ਮਗਰਮੱਛਾਂ ਦੀ ਅਨੋਖੀ ਦੁਨੀਆਂ
ਪੰਛੀਆਂ ਦੀ ਅਨੋਖੀ ਦੁਨੀਆਂ

**ਸ਼ੈਲੀ ਕਵਾਤਰਾ**
ਸ਼ੇਖੂ ਰਾਮ ਦੀ ਰਾਮ ਕਹਾਣੀ

**'ਕੁਸ਼ਤਾ' ਅੰਮ੍ਰਿਤਸਰੀ**
ਪੰਜਾਬ ਦੇ ਹੀਰੇ

**ਜੋਗਿੰਦਰ ਸਿੰਘ**
ਜ਼ਿੰਦਗੀ ਵਿੱਚ ਸਫ਼ਲ ਅਤੇ ਖੁਸ਼ ਰਹਿਣ ਦੇ ਰਾਹ
ਸਫਲ ਜੀਵਨ ਦੇ ਸੁਨਹਿਰੇ ਸਿਧਾਂਤ

**ਜੇ. ਆਰ. ਵਿਸ਼**
ਅਨੋਖਾ ਟਾਪੂ

**ਜਾਗੀਰ ਸਿੰਘ**
ਦਾਦਾ ਪੋਤਾ

**ਜਸਬੀਰ ਭੁੱਲਰ**
ਬਾਬੇ ਦੀਆਂ ਬਾਤਾਂ - ।
ਬਾਬੇ ਦੀਆਂ ਬਾਤਾਂ -।।
ਖੰਭਾਂ ਵਾਲਾ ਕੱਛੂਕੁੰਮਾਂ
ਮਗਰਮੱਛਾਂ ਦਾ ਬਸੇਰਾ
ਜੰਗਲ ਟਾਪੂ 1
ਜੰਗਲ ਟਾਪੂ 2
ਸੋਮਾ ਦਾ ਜਾਦੂ

**ਚਾਰਲਸ ਡਿਕਨਜ**
ਡੇਵਿਡ ਕਾਪਰਫੀਲਡ

**ਗੁਰਿੰਦਰ ਕਲਸੀ**
ਅਸਲੀਅਤ
ਮੇਰੀ ਪੁਸਤਕ

**ਗੁਲਾਬ ਕੋਠਾਰੀ**
ਅਸਾਧ ਰੋਗਾਂ ਦਾ ਸੌਖਾ ਇਲਾਜ

**ਗੁਰਮੀਤ ਸਿੰਘ ਬੈਦਵਾਨ**
ਸੂਰਜ ਦਾ ਸੁਨੇਹਾ

**ਸਬਦੀਸ਼**
ਗਧੇ ਦਾ ਪਿਆਰ
ਊਠ ਦਾ ਡਿਸਕੋ ਡਾਂਸ
ਅੱਪੂ ਦਾ ਪੰਚਤੰਤਰ
ਡਾਇਣ
ਮਿਆਊਂ ਮਾਰ ਗਈ

**ਅਮਰੀਕ ਸਿੰਘ ਤਲਵੰਡੀ**
ਕਾਵਿ ਪਹਾੜੇ

**ਅਜੀਤ ਸੈਲਾਨੀ**
ਤੁਹਾਡੀ ਸ਼ਖ਼ਸੀਅਤ
ਗਿਆਨ ਵਿਗਿਆਨ
ਤਿੱਥ ਤਿਉਹਾਰ
ਸਿਹਤ ਸੰਭਾਲ
ਕਿੱਤੇ
ਪੜ੍ਹਾਈ
ਪਸ਼ੂ ਪੰਛੀ ਅਤੇ ਪੇੜ ਪੌਦੇ
ਮਹਾਨ ਸ਼ਖ਼ਸੀਅਤਾਂ
ਕੌਮੀ ਅਤੇ ਕੌਮਾਂਤਰੀ ਦਿਹਾੜੇ
ਸ਼ੌਕ
ਘਟਨਾਵਾਂ
ਜੀਵਨ ਜਾਚ

**ਅਜੀਤ ਸਿੰਘ ਚੰਦਨ**
ਗੁਲਾਬ ਦਾ ਫੁੱਲ

**ਮਿਲਾਪ ਕੋਠਾਰੀ ਸੁਮੰਦ**
ਨਿੱਕੀਆਂ ਨਿੱਕੀਆਂ ਗੱਲਾਂ

**ਸ਼ਿਵਨਾਥ**
ਰੁੱਖ ਤੇ ਮਨੁੱਖ
ਪੈਂਤੀ ਅੱਖਰੀ

**ਪ੍ਰੀਤਮ ਰੁਪਾਲ**
ਚੱਲ ਜ਼ਿੰਦੂਆਂ ਚੱਲ ਚਲੀਏ ਪਹਾੜੀ

**ਮੋਹਨ ਭੰਡਾਰੀ**
ਲਾਖੀ
ਜਮੀਲਾ

**ਭੁਪਿੰਦਰ ਸਿੰਘ ਆਸ਼ਟ**
ਗੁੱਡੀ ਨੂੰ ਸਜਾ ਰਹੀ ਸਾਂ

**ਅਮਰ ਗਿਰੀ**
ਚਾਣਿਕਅ ਸ਼ਾਸਤਰ

**ਹਰਬਰਟ ਜਾਰਜ ਵੇਲਸ**
ਟਾਈਮ ਮਸ਼ੀਨ

**ਸਵਾਤੀ ਚੰਚਨੀ, ਰਾਜੀਵ ਚੰਚਨੀ**
ਯੋਗ ਆਸਣ

**ਮਨਮੋਹਨ ਦਾਊਂ**
ਆਜ਼ਾਦੀ ਦੀ ਗਾਥਾ
ਪੰਛੀਆਂ ਦੇ ਗੀਤ
ਬੋਲਾਂ ਦੇ ਖੰਭ
ਤਿੰਨ ਸੁਪਨੇ
ਗੀਤਾਂ ਦੇ ਘੁੰਗਰੂ
ਸੁਪਨਿਆਂ ਵਾਲਾ ਬਚਪਨ

**ਕੋਮਲ ਸਿੰਘ**
ਮੇਰਾ ਬਚਪਨ
ਯਾਰ ਪਾਪਾ
ਸ਼ਹੀਦ ਸੁਖਦੇਵ

**ਕੇ. ਐਸ. ਗਾਂਧੀ**
ਸਕਾਊਟਿੰਗ ਐਂਡ ਗਾਈਡਸ : ਇੱਕ ਪਰੀਚੈ

**ਵੂਲਫ਼ ਲਾਰਸਨ**
ਸਮੁੰਦਰੀ ਡਾਕੂ

**ਕਰਿਤੀ ਪੁਰੀ**
ਕੀਅਨ

**ਜਗਰੂਪ ਸਿੰਘ ਰੂਪ**
ਬਾਤ ਪਾਵਾਂ ਬਤੌਲੀ ਪਾਵਾਂ
ਕਰਾਮਾਤੀ ਬੀਜ

**ਜਸਵੰਤ ਗਿੱਲ (ਡਾ.)**
ਰੋਗਾਂ ਦੀ ਕਹਾਣੀ

**ਚਰਨ ਸੀਚਨੇਵਾਲੀ**
ਬਾਲ ਕਵਿਤਾ

**ਇੰਦਰਜੀਤ ਹਸਨਪੁਰੀ**
ਕਾਟੋ ਨੱਚੇ
ਕੁਕੜ ਬੋਲੇ
ਹੋਲੀ ਆਈ
ਘੁੰਮ ਨੀ ਭੰਬੀਰੀਏ

**ਸਿਮਰਨ ਕਲੇਰ**
ਚਿਚਲੀ ਚਕੂੰਦਰ ਦੀ ਸੈਰ
ਦਾਦਾ ਜੀ ਦੇ ਚਮਤਕਾਰ
ਸੰਮੀ
ਕੁਦਰਤ ਦਾ ਦਰਬਾਰ

**ਆਰ. ਡੀ. ਨਿਰਾਕਾਰੀ**
ਰਿਸ਼ੀ-ਦਰਸ਼ਨ
ਉਪਨਿਸ਼ਦ-ਵਿਦਿਆ
ਰਿਗਵੇਦ-ਰਿਸ਼ੀ ਸੰਵਾਦ
ਵੈਦਿਕ ਸ਼ਾਸਤਰ


**ਸਰਦਾਰਾ ਸਿੰਘ ਜੌਹਲ**
ਰੰਗਾਂ ਦੀ ਗਾਗਰ


**ਪਰਮਿੰਦਰ ਕੌਰ ਕਰਾਂਤੀ, ਅੱਛਰੂ ਸਿੰਘ**
ਕਥਨ ਕੋਸ਼


**ਪਰਮਵੀਰ ਸਿੰਘ ਬਾਠ**
ਗੱਲਾਂ ਖੇਡ ਮੈਦਾਨ ਦੀਆਂ


**ਸੁਖਦਰਸ਼ਨ ਸਿੰਘ ਚਹਿਲ**
ਜਦੋਂ ਖੇਡੇ ਪੰਜੇ ਆਬ


# ਯੂਨੀਸਟਾਰ ਬੁੱਕਸ ਦੀਆਂ ਹੋਰ ਬਾਲ ਪੁਸਤਕਾਂ


















©2006
**GEETAN DE GHUNGRU** by **Manmohan Singh Daun**
Published by **Lokgeet Parkashan**, S.C.O. 26-27, Sector 34-A, Chandigarh, Ph.: 0172-5077427, 5077428
Type Setting & Design **PCIS**
Printed & bound at **Jai Offset Press**, Chandigarh, Ph.: 0172-2640382
VISIT US AT www. unistarbooks.com
e-mail: info@unistarbooks.com, editorial@unistarbooks.com, sales@unistarbooks.com
**Ludhiana** : Punjabi Bhawan • 98154 71219

**Rs. 30/-**
**P1502-M061**